

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH



Founder & Chief Editor : Gurmit Singh

1 516 989 8001 | 1 631 835 8000

www.apnapunjabmedia.com newsroom@apnapunjabmedia.com



Follow Us On /apnapunjabmedia

00 VOL XVIII, ISSUE 1939 | MONDAY JUNE 15, 2026




# ਨਿਊਯਾਰਕ ਵਿਖੇ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਗੁਰਦੁਆਰਾ ਸਾਹਿਬ ਫਲਸ਼ਿੰਗ ਤੇ ਕਵੀਨ ਵਿਲੇਜ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ



## ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ, ਗੁਰਬਾਣੀ ਕੀਰਤਨ, ਗਤਕਾ ਤੇ ਛਬੀਲਾਂ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸ਼ਰਧਾਂਜਲੀ




PHOTO BY : THANKUR PHOTO & VIDEO 1 917 854 4109 Report By : Gurmit Singh Apna Punjab 1 516 989 8001




**ਕਵੀਨਜ਼ ਵਿਲੇਜ (ਨਿਊਯਾਰਕ) :** ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਨਿਊਯਾਰਕ ਦੇ ਕਵੀਨਜ਼ ਵਿਲੇਜ ਵਿਖੇ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਜਜ਼ਬੇ ਨਾਲ ਸੰਪੰਨ ਹੋਇਆ। Sikh Center of Queens Village ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਧਾਰਮਿਕ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਰਿਕਤ ਕਰਕੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕੀਤਾ।









ਨਗਰ ਕੀਰਤਨ ਦੀ ਸ਼ੁਰੂਆਤ ਸਿੱਖ ਸੈਂਟਰ ਆਫ ਕਵੀਨਜ਼ ਵਿਲੇਜ ਤੋਂ ਸਵੇਰੇ 11:30 ਵਜੇ ਹੋਈ। ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਜਾਏ ਗਏ ਨਗਰ ਕੀਰਤਨ ਨੇ ਜਮਾਇਕਾ ਐਵੇਨਿਊ, ਬਰਾਡਿਕ ਐਵੇਨਿਊ, ਕ੍ਰਾਸ ਆਈਲੈਂਡ ਪਾਰਕਵੇ, ਹਿਲਸਾਈਡ ਐਵੇਨਿਊ, ਲਿਟਲ ਨੈਕ ਪਾਰਕਵੇ ਅਤੇ ਕਾਮਨਵੈਲਥ ਬੁਲੇਵਾਰਡ ਸਮੇਤ ਵੱਖ-ਵੱਖ ਮਾਰਗਾਂ ਤੋਂ ਹੁੰਦੇ ਹੋਏ ਮੁੜ ਗੁਰਦੁਆਰਾ ਸਾਹਿਬ ਵਿਖੇ ਸਮਾਪਤੀ ਕੀਤੀ।


CONT...









Copyright: Apna Punjab Media 2025-26



Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1939 | MONDAY JUNE 15, 2026


# ਨਿਊਯਾਰਕ ਵਿਖੇ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਗੁਰਦੁਆਰਾ ਸਾਹਿਬ ਫਲਸ਼ਿੰਗ ਤੇ ਕਵੀਨ ਵਿਲੇਜ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ



## ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ, ਗੁਰਬਾਣੀ ਕੀਰਤਨ, ਗਤਕਾ ਤੇ ਛਬੀਲਾਂ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸ਼ਰਧਾਂਜਲੀ



PHOTO BY : THANKUR PHOTO & VIDEO 1 917 854 4109

Report By : Gurmit Singh Apna Punjab 1 516 989 8001










ਸਮਾਗਮ ਦੌਰਾਨ ਸੰਗਤਾਂ ਨੇ ਗੁਰਬਾਣੀ ਕੀਰਤਨ, ਸ਼ਬਦ-ਵਿਚਾਰ ਅਤੇ "ਵਾਹਿਗੁਰੂ" ਦੇ ਜਾਪ ਰਾਹੀਂ ਇਲਾਕੇ ਨੂੰ ਗੁਰਮਈ ਰੰਗ ਵਿੱਚ ਰੰਗ ਦਿੱਤਾ। ਰਸਤੇ ਭਰ ਗਤਕਾ ਪਾਰਟੀਆਂ ਵੱਲੋਂ ਸਿੱਖ ਮਾਰਸ਼ਲ ਆਰਟ ਦੇ ਸ਼ਾਨਦਾਰ ਜੌਹਰ ਦਿਖਾਏ ਗਏ, ਜਦਕਿ ਕਵੀਸ਼ਰਾਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ ਸੰਗਤਾਂ ਨੇ ਸਮਾਗਮ ਦੇ ਸ਼ਾਨਦਾਰ ਪ੍ਰਬੰਧਾਂ ਦੀ ਭਰਪੂਰ ਸ਼ਲਾਘਾ ਕੀਤੀ। ਸੰਗਤਾਂ ਨੇ ਕਿਹਾ ਕਿ ਨਗਰ ਕੀਰਤਨ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਅਤੇ ਅਨੁਸ਼ਾਸਿਤ ਢੰਗ ਨਾਲ ਕੀਤਾ ਗਿਆ ਸੀ। ਸੁਰੱਖਿਆ, ਟ੍ਰੈਫਿਕ ਪ੍ਰਬੰਧਨ, ਲੰਗਰ, ਛਬੀਲਾਂ, ਸਫ਼ਾਈ ਅਤੇ ਸੰਗਤਾਂ ਦੀ ਸਹੂਲਤ ਲਈ ਕੀਤੇ ਗਏ ਇੰਤਜ਼ਾਮ ਕਾਬਿਲ-ਏ-ਤਾਰੀਫ਼ ਸਨ।












CONT...


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com


# ਨਿਊਯਾਰਕ ਵਿਖੇ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਗੁਰਦੁਆਰਾ ਸਾਹਿਬ ਫਲਸ਼ਿੰਗ ਤੇ ਕਵੀਨ ਵਿਲੇਜ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ



## ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ, ਗੁਰਬਾਣੀ ਕੀਰਤਨ, ਗਤਕਾ ਤੇ ਛਬੀਲਾਂ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸ਼ਰਧਾਂਜਲੀ



PHOTO BY : THANKUR PHOTO & VIDEO 1 917 854 4109
Report By : Gurmit Singh Apna Punjab 1 516 989 8001





ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਅਤੇ ਭਾਈ ਰਣਜੀਤ ਸਿੰਘ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ, ਨਾਮ ਸਿਮਰਨ ਕਰਨ ਅਤੇ ਗੁਰਬਾਣੀ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਨਗਰ ਕੀਰਤਨ ਦੇ ਰੂਟ ਦੌਰਾਨ ਵੱਖ-ਵੱਖ ਥਾਵਾਂ 'ਤੇ ਠੰਢੇ ਮਿੱਠੇ ਜਲ ਦੀਆਂ ਚਬੀਲਾਂ, ਲੰਗਰ ਅਤੇ ਹੋਰ ਸੇਵਾਵਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਸੇਵਾ ਕਾਰਜਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਪ੍ਰਬੰਧਕਾਂ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਸੱਚ, ਧੀਰਜ,

CONT...












Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਨਿਊਯਾਰਕ ਵਿਖੇ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਗੁਰਦੁਆਰਾ ਸਾਹਿਬ ਫਲਸ਼ਿੰਗ ਤੇ ਕਵੀਨ ਵਿਲੇਜ ਵੱਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ



## ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ, ਗੁਰਬਾਣੀ ਕੀਰਤਨ, ਗਤਕਾ ਤੇ ਛਬੀਲਾਂ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸ਼ਰਧਾਂਜਲੀ



PHOTO BY : THANKUR PHOTO & VIDEO 1 917 854 4109 Report By : Gurmit Singh Apna Punjab 1 516 989 8001







ਸੇਵਾ ਅਤੇ ਧਰਮ ਦੀ ਰੱਖਿਆ ਲਈ ਡਟੇ ਰਹਿਣ ਦਾ ਸਦੀਵੀ ਸੰਦੇਸ਼ ਦਿੰਦੀ ਹੈ।
ਸਮਾਗਮ ਦੇ ਅੰਤ ਵਿੱਚ ਸਰਬੱਤ ਦੇ ਭਲੇ ਦੀ

ਅਤੇ ਹਿਊਮਨ ਰਾਈਟਸ ਕਮਿਸ਼ਨਰ ਗੁਰਦੇਵ ਸਿੰਘ ਕੰਗ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਾਨੂੰ ਸੱਚ,

ਭੁਪਿੰਦਰ ਸਿੰਘ ਜਸਵਾਲ ਨੇ 'ਆਪਣਾ ਪੰਜਾਬ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਿਊਯਾਰਕ ਦੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ










ਅਰਦਾਸ ਕੀਤੀ ਗਈ। ਇਸ ਮੌਕੇ ਸਿੱਖ ਕਲਚਰ ਸੋਸਾਇਟੀ ਦੇ ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ

ਸਬਰ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦੀ ਹੈ।ਇਸ ਦੌਰਾਨ ਸਿੱਖ ਕਲਚਰ ਸੋਸਾਇਟੀ ਵੱਲੋਂ

ਵੱਡੀ ਗਿਣਤੀ ਵਿੱਚ ਸੰਗਤਾਂ ਨੇ ਨਗਰ ਕੀਰਤਨ ਵਿੱਚ ਸ਼ਿਰਕਤ ਕਰਕੇ

CONT...












Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਨਿਊਯਾਰਕ ਵਿਖੇ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਗੁਰਦੁਆਰਾ ਸਾਹਿਬ ਫਲਸ਼ਿੰਗ ਤੇ ਕਵੀਨ ਵਿਲੇਜ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ



## ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ, ਗੁਰਬਾਣੀ ਕੀਰਤਨ, ਗਤਕਾ ਤੇ ਛਬੀਲਾਂ ਰਾਹੀਂ ਗੁਰੂ ਸਾਹਿਬ ਨੂੰ ਭੇਟ ਕੀਤੀ ਸ਼ਰਧਾਂਜਲੀ



PHOTO BY : THANKUR PHOTO & VIDEO 1 917 854 4109 Report By : Gurmit Singh Apna Punjab 1 516 989 8001














ਕਰਕੇ ਸਮਾਗਮ ਨੂੰ ਇਤਿਹਾਸਕ ਸਫਲਤਾ ਬਖ਼ਸ਼ੀ। ਸਮਾਗਮ ਦੀ ਸਫਲਤਾ ਲਈ ਪ੍ਰਧਾਨ ਜਿੰਦਰ ਸਿੰਘ, ਚੇਅਰਮੈਨ ਲਖਵੀਰ ਸਿੰਘ ਮਿੰਹਾਸ, ਖਜ਼ਾਨਚੀ ਲਖਵਿੰਦਰ ਸਿੰਘ, ਸਹਾਇਕ ਖਜ਼ਾਨਚੀ ਚਰਨਜੀਤ ਸਿੰਘ ਸਮਰਾ, ਸਟੇਜ ਸਕੱਤਰ ਮੱਖਣ ਸਿੰਘ ਲੁਬਾਣਾ ਸਮੇਤ ਸਮੂਹ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਨੇ ਹਾਜ਼ਰ ਹੋਈਆਂ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ।

ਇਸ ਮਹਾਨ ਧਾਰਮਿਕ ਸਮਾਗਮ ਦੀ ਕਵਰੇਜ 'ਆਪਣਾ ਪੰਜਾਬ ਮੀਡੀਆ' ਵੱਲੋਂ ਪੂਰੀ ਸ਼ਰਧਾ ਅਤੇ ਸਮਰਪਣ ਭਾਵਨਾ ਨਾਲ ਕੀਤੀ ਗਈ। ਮੀਡੀਆ ਟੀਮ ਨੇ ਇਸ ਇਤਿਹਾਸਕ ਨਗਰ ਕੀਰਤਨ ਦੇ ਹਰ ਪਲ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ। 'ਆਪਣਾ ਪੰਜਾਬ ਮੀਡੀਆ' ਨੇ ਇਸ ਮਹਾਨ ਗੁਰਮਤਿ ਸਮਾਗਮ ਦਾ ਹਿੱਸਾ ਬਣਨ ਨੂੰ ਆਪਣੇ ਲਈ ਮਾਣ ਅਤੇ ਸੌਭਾਗ ਦੀ ਗੱਲ ਦੱਸਦਿਆਂ ਸਮੂਹ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।











Copyright: Apna Punjab Media 2025-26



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1 516 989 8001 | 1 631 835 8000

CORPORATE OFFICE:
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

5 | VOL XVIII, ISSUE 1939 | MONDAY JUNE 15, 2026

NEW YORK


# ਆਈਸੀਬੀਐਮ ਇੰਟਰਸੈਪਸ਼ਨ ਐਲੀਟ ਡਿਫੈਂਸ ਕਲੱਬ ਵਿੱਚ ਸ਼ਾਮਲ ਹੋਇਆ ਭਾਰਤ

## DRDO ਨੇ ਆਈਸੀਬੀਐਮ ਨੂੰ ਰੋਕਣ ਲਈ ਬਹੁ-ਪੱਧਰੀ ਰੱਖਿਆ ਦਾ ਕੀਤਾ ਪ੍ਰੀਖਣ

**ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ :** ਭਾਰਤ ਨੇ ਆਈਸੀਬੀਐਮ ਨੂੰ ਰੋਕਣ ਦੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ, ਇਸਨੂੰ ਉਨ੍ਹਾਂ ਕੁਝ ਚੋਣਵੇਂ ਦੇਸ਼ਾਂ ਵਿੱਚ ਸ਼ਾਮਲ ਕੀਤਾ ਜਿਨ੍ਹਾਂ ਕੋਲ ਇੰਨੀਆਂ ਉੱਨਤ ਮਿਜ਼ਾਈਲ ਰੱਖਿਆ ਸਮਰੱਥਾਵਾਂ ਹਨ। ਦੋਹਰੇ ਟੈਸਟ ਦੀ ਸਫਲਤਾ: 10-11 ਜੂਨ ਦੇ ਪ੍ਰੀਖਣਾਂ ਨੇ ਨੇਵਲ ਐਂਟੀ-ਸ਼ਿਪ ਮਿਜ਼ਾਈਲ-ਮੀਡੀਅਮ ਰੇਂਜ ਦੀ ਪਹਿਲੀ ਉਡਾਣ ਨੂੰ ਵੀ ਦਰਸਾਇਆ, ਜਿਸ ਨਾਲ ਸਮੁੰਦਰੀ ਹਮਲੇ ਦੇ ਵਿਕਲਪਾਂ ਵਿੱਚ ਵਾਧਾ ਹੋਇਆ। ਰਣਨੀਤਕ ਹੁਲਾਰਾ: ਇਹ ਪ੍ਰੀਖਣ ਭਾਰਤ ਦੀ ਰੋਕਥਾਮ ਸਥਿਤੀ ਨੂੰ ਮਜ਼ਬੂਤ ਕਰਦੇ ਹਨ ਅਤੇ ਸਵਦੇਸ਼ੀ ਰੱਖਿਆ ਨਿਰਮਾਣ ਵਿੱਚ ਪ੍ਰਗਤੀ ਨੂੰ ਦਰਸਾਉਂਦੇ ਹਨ।

ਭਾਰਤ ਦੇ ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਨੇ 10 ਅਤੇ 11 ਜੂਨ ਨੂੰ ਲਗਾਤਾਰ ਤਿੰਨ ਫਲਾਈਟ ਟੈਸਟ ਸਫਲਤਾਪੂਰਵਕ ਕੀਤੇ, ਜਿਸ ਨਾਲ ਬਹੁ-ਪੱਧਰੀ ਬੈਲਿਸਟਿਕ ਮਿਜ਼ਾਈਲ ਡਿਫੈਂਸ (BMD) ਸਿਸਟਮ ਦੀ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ ਤੱਕ ਦੇ ਖਤਰਿਆਂ ਨੂੰ ਰੋਕਣ



ਦੀ ਸਮਰੱਥਾ ਸਾਬਤ ਹੋਈ। ਰੱਖਿਆ ਮੰਤਰਾਲੇ ਨੇ ਪੁਸ਼ਟੀ ਕੀਤੀ ਕਿ ਇੰਟਰਸੈਪਟਰਾਂ ਨੇ ਆਪਣੇ ਟੀਚਿਆਂ ਨੂੰ ਐਂਡੋ-ਐਟਮੌਸਫੀਅਰਿਕ ਅਤੇ ਐਕਸੋ-ਐਟਮੌਸਫੀਅਰਿਕ ਦੋਵਾਂ ਵਾਤਾਵਰਣਾਂ ਵਿੱਚ ਲਗਾਇਆ, ਇਹ ਪ੍ਰਾਪਤੀ ਅਮਰੀਕਾ, ਰੂਸ ਅਤੇ ਚੀਨ ਵਰਗੇ ਕੁਝ ਦੇਸ਼ਾਂ ਦੁਆਰਾ ਹੀ ਪ੍ਰਾਪਤ ਕੀਤੀ ਗਈ ਹੈ। ਇਹ ਕਾਰਜਸ਼ੀਲ ਮੀਲ ਪੱਥਰ ਭਾਰਤ ਦੀ ਰਣਨੀਤਕ ਰੱਖਿਆ ਢਾਲ ਅਤੇ ਰੋਕਥਾਮ ਸਥਿਤੀ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦਾ ਹੈ। BMD ਪ੍ਰਦਰਸ਼ਨ ਦੇ ਨਾਲ, DRDO ਨੇ ਨੇਵਲ ਐਂਟੀ-ਸ਼ਿਪ ਮਿਜ਼ਾਈਲ-ਮੀਡੀਅਮ ਰੇਂਜ (NASM-MR) ਦਾ ਪਹਿਲਾ ਉਡਾਣ ਟੈਸਟ ਕੀਤਾ, ਜੋ ਕਿ ਇੱਕ ਸਬਸੋਨਿਕ, ਸਮੁੰਦਰੀ-ਸਕਿਮਿੰਗ ਹਥਿਆਰ ਹੈ ਜਿਸਦੀ ਸਟ੍ਰਾਈਕ ਰੇਂਜ ਲਗਭਗ 300 ਕਿਲੋਮੀਟਰ ਹੈ। MiG-29K ਲੜਾਕੂ ਜਹਾਜ਼ਾਂ, ਫਰੰਟਲਾਈਨ ਜੰਗੀ ਜਹਾਜ਼ਾਂ ਅਤੇ P-8I ਗਸ਼ਤ ਜਹਾਜ਼ਾਂ 'ਤੇ ਤਾਇਨਾਤੀ ਲਈ ਤਿਆਰ ਕੀਤਾ ਗਿਆ ਹੈ, ਇਹ ਪੁਰਾਣੇ ਰੂਸੀ ਮੂਲ ਦੇ Kh-35 ਮਿਜ਼ਾਈਲਾਂ ਦੀ ਥਾਂ ਲਵੇਗਾ। ਸਫਲ ਟੈਸਟ ਨੇ ਸ਼ੁੱਧਤਾ ਨੈਵੀਗੇਸ਼ਨ, ਘੱਟ-ਉਚਾਈ ਵਾਲੀ ਉਡਾਣ, ਅਤੇ ਸਹੀ ਟਰਮੀਨਲ ਸ਼ਮੂਲੀਅਤ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਭਾਰਤ ਦੇ ਸਵਦੇਸ਼ੀ ਸਮੁੰਦਰੀ ਹਮਲੇ ਦੇ ਵਿਕਲਪਾਂ ਨੂੰ ਵਧਾਇਆ ਗਿਆ।

# ਅਮਰੀਕਾ-ਇਰਾਨ ਵਿਚਾਲੇ ਜੰਗ ਖ਼ਤਮ ਕਰਨ ’ਤੇ ਬਣੀ ਸਹਿਮਤੀ; 19 ਜੂਨ ਨੂੰ ਜੇਨੇਵਾ ’ਚ ਹੋਣਗੇ ਦਸਤਖ਼ਤ

## ਹੋਰਮੁਜ਼ ਜਲਡਮਰੂ ਮੁੜ ਖੁੱਲ੍ਹੇਗਾ; ਟਰੰਪ ਬੋਲੇ- ਦੁਨੀਆ ਦੇ ਜਹਾਜ਼ੋ! ਇੰਜਣ ਸਟਾਰਟ ਕਰੋ ਤੇ ਤੇਲ ਨੂੰ ਵਹਿਣ ਦਿਓ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਵਿਸ਼ਵ ਭਰ ਨੂੰ ਵੱਡੀ ਰਾਹਤ ਦਿੰਦਿਆਂ ਅਮਰੀਕਾ ਅਤੇ ਇਰਾਨ ਐਤਵਾਰ ਨੂੰ ਜੰਗ ਖ਼ਤਮ ਕਰਨ ਅਤੇ ਸ਼ਾਂਤੀ ਸਮਝੌਤੇ ’ਤੇ ਸਹਿਮਤ ਹੋ ਗਏ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਇਸ ਇਤਿਹਾਸਕ ਪ੍ਰਾਪਤੀ ਦਾ ਐਲਾਨ ਕਰਦਿਆਂ ਲਿਖਿਆ ਕਿ ਇਰਾਨ ਨਾਲ ਸਮਝੌਤਾ ਹੁਣ ਮੁਕੰਮਲ ਹੋ ਚੁੱਕਾ ਹੈ। ਦੂਜੇ ਪਾਸੇ ਇਰਾਨ ਨੇ ਵੀ ਇੱਕ ਅਧਿਕਾਰਤ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਨਾਲ ਮਹੀਨਿਆਂ ਬੱਧੀ ਚੱਲੀ ਲੰਮੀ ਅਤੇ ਗੁੰਝਲਦਾਰ ਗੱਲਬਾਤ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇੱਕ ਸਹਿਮਤੀ ਪੱਤਰ (MoU) ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਕਿ ਇਸ ਸਮਝੌਤੇ ਤਹਿਤ ਰਣਨੀਤਕ ਤੌਰ 'ਤੇ ਅਹਿਮ ‘ਹੋਰਮੁਜ਼ ਜਲਡਮਰੂ’ (Strait of Hormuz) ਨੂੰ ਮੁੜ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਨੇ ਇਰਾਨੀ ਬੰਦਰਗਾਹਾਂ ’ਤੇ ਲਾਈ ਅਮਰੀਕੀ ਜਲ ਸੈਨਾ ਦੀ ਘੇਰਾਬੰਦੀ ਨੂੰ ਤੁਰੰਤ ਹਟਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਆਪਣੇ ਖ਼ਾਸ ਅੰਦਾਜ਼ ਵਿੱਚ ਟਵੀਟ ਕਰਦਿਆਂ ਟਰੰਪ ਨੇ ਲਿਖਿਆ, “ਦੁਨੀਆ ਭਰ ਦੇ ਸਮੁੰਦਰੀ ਜਹਾਜ਼ੋ, ਆਪਣੇ ਇੰਜਣ ਚਾਲੂ ਕਰ ਲਓ ਅਤੇ ਤੇਲ ਨੂੰ ਖੁੱਲ੍ਹ ਕੇ ਵਹਿਣ ਦਿਓ।”ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ, ਦੋਵੇਂ ਮੁਲਕ 19 ਜੂਨ ਨੂੰ ਸਵਿਟਜ਼ਰਲੈਂਡ ਦੇ ਜੇਨੇਵਾ ਸ਼ਹਿਰ ਵਿੱਚ ਇਸ ਇਤਿਹਾਸਕ ਅਮਨ ਸਮਝੌਤੇ ’ਤੇ ਰਸਮੀ ਦਸਤਖ਼ਤ ਕਰਨਗੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਪਿਛਲੇ 47 ਸਾਲਾਂ ਵਿੱਚ ਤਹਿਰਾਨ ਅਤੇ ਵਾਸ਼ਿੰਗਟਨ ਵਿਚਾਲੇ ਸਭ ਤੋਂ ਉੱਚ ਪੱਧਰੀ ਸਿੱਧੀ ਮੁਲਾਕਾਤ ਹੋਵੇਗੀ, ਜਿਸ ’ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।








Copyright: Apna Punjab Media 2025-26


Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# ਵਾਸ਼ਿੰਗਟਨ ਡੀ.ਸੀ. ਵਿੱਚ ਡਾ. ਜਸਦੀਪ ਸਿੰਘ ਜੈਸੀ ਨੂੰ 'ਲਾਈਫ ਟਾਈਮ ਅਚੀਵਮੈਂਟ ਅਵਾਰਡ (Lifetime Achievement Award) ਨਾਲ ਕੀਤਾ ਗਿਆ ਸਨਮਾਨਿਤ

SIKHS OF AMERICA INC

## ਨੈਸ਼ਨਲ ਕੌਂਸਲ ਆਫ ਏਸ਼ੀਅਨ ਇੰਡੀਅਨ ਐਸੋਸੀਏਸ਼ਨ (NCAIA) ਦੇ 20ਵੇਂ ਸਥਾਪਨਾ ਦਿਵਸ ਮੌਕੇ ਕੀਤਾ ਗਿਆ ਸਨਮਾਨਿਤ

Photo & Report By : Gumit Singh Apna Punjab Media 1 516 989 8001







**ਵਾਸ਼ਿੰਗਟਨ ਡੀ.ਸੀ. / ਨਿਊਯਾਰਕ : ਆਪਣਾ ਪੰਜਾਬ ਮੀਡੀਆ :** ਅਮਰੀਕਾ ਵਿੱਚ ਵੱਸਦੇ ਭਾਰਤੀ ਅਤੇ ਪੰਜਾਬੀ ਭਾਈਚਾਰੇ ਲਈ ਬਹੁਤ ਹੀ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਪ੍ਰਸਿੱਧ ਸਮਾਜ ਸੇਵੀ, ਕਮਿਊਨਿਟੀ ਲੀਡਰ ਅਤੇ ਸਿੱਖ ਭਾਈਚਾਰੇ ਦੀ ਮਜ਼ਬੂਤ ਆਵਾਜ਼ ਡਾ. ਜਸਦੀਪ ਸਿੰਘ ਨੂੰ ਨੈਸ਼ਨਲ ਕੌਂਸਲ ਆਫ ਏਸ਼ੀਅਨ ਇੰਡੀਅਨ ਐਸੋਸੀਏਸ਼ਨ (NCAIA) ਦੇ 20ਵੇਂ ਸਥਾਪਨਾ ਦਿਵਸ ਮੌਕੇ ਵੱਕਾਰੀ "ਲਾਈਫ ਟਾਈਮ ਅਚੀਵਮੈਂਟ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਸਮਾਜਿਕ, ਸੱਭਿਆਚਾਰਕ ਅਤੇ ਕਮਿਊਨਿਟੀ ਸੇਵਾਵਾਂ ਨੂੰ ਸਨਮਾਨ ਦਿੰਦੇ ਹੋਏ ਇਹ ਵਿਸ਼ੇਸ਼ ਅਵਾਰਡ ਭੇਟ ਕੀਤਾ ਗਿਆ।

ਸਮਾਗਮ ਵਿੱਚ ਭੰਗੜਾ, ਤੇਲਗੂ ਨਾਚ ਅਤੇ ਹੋਰ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਐਨਸੀਏਆਈਏ ਦੇ ਆਗੂਆਂ ਨੇ ਕਿਹਾ ਕਿ ਡਾ. ਜਸਦੀਪ ਸਿੰਘ ਨੇ ਸਮਾਜ ਵਿੱਚ ਏਕਤਾ, ਸੇਵਾ ਭਾਵਨਾ ਅਤੇ ਕਮਿਊਨਿਟੀ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਉਹ ਅਨੇਕਾਂ ਲੋਕਾਂ ਲਈ ਪ੍ਰੇਰਣਾ ਸਰੋਤ ਹਨ।

ਅਵਾਰਡ ਪ੍ਰਾਪਤ ਕਰਨ ਉਪਰੰਤ ਡਾ. ਜਸਦੀਪ ਸਿੰਘ ਨੇ ਕਿਹਾ ਕਿ ਮੈਂ ਵਾਹਿਗੁਰੂ ਜੀ ਦਾ ਲੱਖ-ਲੱਖ ਸ਼ੁਕਰਾਨਾ ਹਾਂ। ਇਹ ਸਨਮਾਨ ਸਿਰਫ਼ ਮੇਰਾ ਨਹੀਂ, ਸਗੋਂ ਮੇਰੇ ਪਰਿਵਾਰ, ਮੇਰੀ ਕਮਿਊਨਿਟੀ ਅਤੇ ਉਹਨਾਂ ਸਾਰੇ ਲੋਕਾਂ ਦਾ ਹੈ ਜਿਨ੍ਹਾਂ ਨੇ ਹਰ ਪੜਾਅ 'ਤੇ ਮੇਰਾ ਸਾਥ ਦਿੱਤਾ। ਅੱਜ ਮੇਰੇ ਪਰਿਵਾਰ ਦੀ ਹਾਜ਼ਰੀ ਵਿੱਚ ਇਹ ਅਵਾਰਡ ਪ੍ਰਾਪਤ ਕਰਨਾ ਬਹੁਤ ਹੀ ਭਾਵੁਕ ਅਤੇ ਮਾਣ ਵਾਲਾ ਪਲ ਹੈ।"

ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਸਿੱਖ, ਹਿੰਦੂ, ਮੁਸਲਿਮ ਅਤੇ ਹੋਰ ਭਾਈਚਾਰਿਆਂ ਦੇ ਲੋਕਾਂ ਨੇ ਮਿਲ ਕੇ ਏਕਤਾ ਅਤੇ ਭਾਈਚਾਰੇ ਦੀ ਸ਼ਾਨਦਾਰ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਨੇ ਇਸ ਸਨਮਾਨ ਨੂੰ ਸਮੂਹ ਭਾਰਤੀ ਅਤੇ ਪੰਜਾਬੀ ਭਾਈਚਾਰੇ ਨੂੰ ਸਮਰਪਿਤ ਕੀਤਾ।

ਐਨਸੀਏਆਈਏ ਵੱਲੋਂ ਆਯੋਜਿਤ ਇਸ ਸਮਾਰੋਹ ਰਾਹੀਂ ਲੀਡਰਸ਼ਿਪ, ਏਕਤਾ ਅਤੇ ਸਸ਼ਕਤੀਕਰਨ ਦੇ ਆਪਣੇ ਮਿਸ਼ਨ ਨੂੰ ਦੁਹਰਾਇਆ ਗਿਆ। ਸਮਾਰੋਹ ਦਾ ਸਮਾਪਨ ਅਵਾਰਡ ਵੰਡ ਸਮਾਗਮ, ਕੇਕ ਕਟਿੰਗ ਅਤੇ ਧੰਨਵਾਦ ਪ੍ਰਸਤਾਵ ਨਾਲ ਸੰਪੂਰਨ ਹੋਇਆ।

ਵਰਨਣਯੋਗ ਹੈ ਕਿ ਡਾ. ਜਸਦੀਪ ਸਿੰਘ ਨੂੰ ਮਿਲਿਆ ਇਹ ਵੱਕਾਰੀ ਸਨਮਾਨ ਨਾ ਸਿਰਫ਼ ਸਿੱਖ ਭਾਈਚਾਰੇ ਲਈ ਸਗੋਂ ਪੂਰੇ ਪੰਜਾਬੀ ਅਤੇ ਭਾਰਤੀ ਸਮਾਜ ਲਈ ਮਾਣ ਦੀ ਗੱਲ ਹੈ। ਉਨ੍ਹਾਂ ਦੀਆਂ ਦਹਾਕਿਆਂ ਤੋਂ ਚੱਲ ਰਹੀਆਂ ਸਮਾਜਿਕ ਸੇਵਾਵਾਂ ਅਤੇ ਕਮਿਊਨਿਟੀ ਪ੍ਰਤੀ ਸਮਰਪਣ ਨੂੰ





ਵਾਸ਼ਿੰਗਟਨ ਡੀ.ਸੀ. ਵਿੱਚ ਆਯੋਜਿਤ ਇਸ ਵਿਸ਼ੇਸ਼ ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ, ਕਮਿਊਨਿਟੀ ਆਗੂਆਂ, ਸਰਕਾਰੀ ਅਧਿਕਾਰੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਡਾ. ਜਸਦੀਪ ਸਿੰਘ ਦੀਆਂ ਕਈ ਸਾਲਾਂ ਤੋਂ ਕੀਤੀਆਂ





ਅੰਤਰਰਾਸ਼ਟਰੀ ਪੱਧਰ 'ਤੇ ਮਿਲੀ ਇਹ ਮਾਨਤਾ ਭਵਿੱਖੀ ਪੀੜ੍ਹੀਆਂ ਲਈ ਪ੍ਰੇਰਣਾ ਬਣੇਗੀ।

ਦਸ ਦਈਏ ਕਿ ਆਪਣਾ ਪੰਜਾਬ ਮੀਡੀਆ ਦੇ CEO ਗੁਰਮੀਤ ਸਿੰਘ ਅਤੇ MD ਦੇ ਵਰਿੰਦਰ ਸਿੰਘ ਨੇ ਵੀ ਡਾ. ਜਸਦੀਪ ਸਿੰਘ ਨੂੰ ਇਹ ਵਿਸ਼ੇਸ ਸਨਮਾਨ ਮਿਲਣ ਤੇ ਵਧਾਈਆਂ ਦਿਤੀਆਂ ।




Copyright: Apna Punjab Media 2025-26

# ਅਮਰੀਕਾ-ਈਰਾਨ ਸ਼ਾਂਤੀ ਸਮਝੌਤੇ ਦਾ ਯੂਰਪੀ ਸੰਘ ਵੱਲੋਂ ਸਵਾਗਤ , ਊਰਜਾ ਨਿਰਭਰਤਾ ਨੂੰ ਹਥਿਆਰ ਬਣਾਉਣ ਖ਼ਿਲਾਫ਼ ਚੇਤਾਵਨੀ

**ਬ੍ਰੱਸਲਜ਼:ਆਪਣਾ ਪੰਜਾਬ ਮੀਡੀਆ:** ਯੂਰਪੀਸੰਘ(EU) ਦੇ ਆਗੂਆਂ ਨੇ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਦਾ ਸਵਾਗਤ ਕਰਦਿਆਂ ਇਸ ਨੂੰ ਜਲਦ ਅਤੇ ਪੂਰੀ ਤਰ੍ਹਾਂ ਲਾਗੂ ਕਰਨ ਦੀ ਅਪੀਲ ਕੀਤੀ ਹੈ।

Ursula von der Leyen ਅਤੇ Antonio Costa ਨੇ ਕਿਹਾ ਕਿ ਹੋਰਮੁਜ਼ ਜਲਡਮਰੂਮੱਧ (Strait of Hormuz) ਨੂੰ ਤੁਰੰਤ ਅਤੇ ਬਿਨਾਂ ਕਿਸੇ ਰੁਕਾਵਟ ਦੇ ਖੋਲ੍ਹਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਖੇਤਰੀ ਸਥਿਰਤਾ ਅਤੇ ਵਿਸ਼ਵ ਅਰਥਵਿਵਸਥਾ ਲਈ ਬਹੁਤ ਮਹੱਤਵਪੂਰਨ ਹੈ।



ਉਰਸੁਲਾ ਵਾਨ ਡੇਰ ਲੇਯਨ ਨੇ ਕਿਹਾ ਕਿ ਇਹ ਸਮਝੌਤਾ ਮੱਧ ਪੂਰਬ ਵਿੱਚ ਸ਼ਾਂਤੀ ਅਤੇ ਸੁਰੱਖਿਆ ਲਈ ਵਿਆਪਕ ਗੱਲਬਾਤ ਦਾ ਰਾਹ ਖੋਲ੍ਹ ਸਕਦਾ ਹੈ। ਉਨ੍ਹਾਂ ਨੇ ਈਰਾਨ ਦੇ ਪਰਮਾਣੂ ਅਤੇ ਬੈਲਿਸਟਿਕ ਮਿਸਾਈਲ ਪ੍ਰੋਗਰਾਮਾਂ ਨੂੰ ਖਤਮ ਕਰਨ ਦੀ ਵੀ ਲੋੜ ਜਤਾਈ। EU ਆਗੂਆਂ ਨੇ ਲੇਬਨਾਨ ਦੀ ਸੰਪ੍ਰਭੁਤਾ ਅਤੇ ਖੇਤਰੀ ਅਖੰਡਤਾ ਦਾ ਸਤਿਕਾਰ ਕਰਨ ਅਤੇ ਜੰਗਬੰਦੀ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਊਰਜਾ ਨਿਰਭਰਤਾ ਨੂੰ ਵਾਰ-ਵਾਰ ਰਾਜਨੀਤਿਕ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਇਸ ਲਈ ਸਪਲਾਈ ਰੂਟਾਂ ਵਿੱਚ ਵਿਭਿੰਨਤਾ ਲਿਆਉਣਾ ਅਤੇ ਹੋਰ ਵਿਕਲਪਕ ਨਿਰਯਾਤ ਮਾਰਗ ਵਿਕਸਿਤ ਕਰਨਾ ਲਾਜ਼ਮੀ ਹੈ।

## G7 Summit, Protests: ਜੀ7 ਸੰਮੇਲਨ ਦੇ ਵਿਰੋਧ ਲਈ ਜਨੇਵਾ ’ਚ ਹਜ਼ਾਰਾਂ ਲੋਕ ਇਕੱਤਰ




- ਰੋਸ ਪ੍ਰਦਰਸ਼ਨ ਰੋਕਣ ਲਈ ਸਖ਼ਤ ਸੁਰੱਖਿਆ ਪ੍ਰਬੰਧ;
- ਕਾਰੋਬਾਰੀ 2003 ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਦੇ ਦੁਹਰਾਅ ਤੋਂ ਫ਼ਿਕਰਮੰਦ;
- ਕਈ ਪ੍ਰਦਰਸ਼ਨਕਾਰੀ ਹਿਰਾਸਤ ’ਚ ਲਏ

**ਜਨੇਵਾ :ਆਪਣਾ ਪੰਜਾਬ ਮੀਡੀਆ:** ਜਨੇਵਾ ਵਿੱਚ ਸੋਮਵਾਰ ਤੋਂ ਸ਼ੁਰੂ ਹੋ ਰਹੇ ਜੀ7 ਸਿਖਰ ਸੰਮੇਲਨ ਖਿਲਾਫ਼ ਰੋਸ ਜਤਾਉਣ ਲਈ ਹਜ਼ਾਰਾਂ ਲੋਕ ਇਕੱਤਰ ਹੋਏ। ਪ੍ਰਦਰਸ਼ਨਕਾਰੀਆਂ ਵਿੱਚ ਵਾਤਾਵਰਨ ਕਾਰਕੁਨ, ਨਾਰੀਵਾਦੀ, ਪੂੰਜੀਵਾਦ ਦੇ ਵਿਰੋਧੀ, ਫ਼ਲਸਤੀਨੀ ਹੱਕਾਂ ਦੇ ਹਮਾਇਤੀ ਤੇ ਹੋਰ ਕਾਰਕੁਨ ਸਮੂਹ ਸ਼ਾਮਲ ਸਨ। ਸੋਮਵਾਰ ਤੋਂ ਸ਼ੁਰੂ ਹੋ ਰਹੇ ਜੀ7 ਸਿਖਰ ਸੰਮੇਲਨ ਤੋਂ ਪਹਿਲਾਂ ਹੋਣ ਵਾਲੇ ਪ੍ਰਦਰਸ਼ਨਾਂ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਡਾਊਨਟਾਊਨ ਵਿਚਲੇ ਦੁਕਾਨਦਾਰਾਂ ਤੇ ਕਾਰੋਬਾਰੀਆਂ ਨੇ ਆਪੋ-ਆਪਣੀਆਂ ਦੁਕਾਨਾਂ ਅੱਗੇ ਲੱਕੜ ਦੇ ਪੈਨਲ ਲਗਾਏ ਹਨ। ਕਾਰੋਬਾਰੀ ਤੇ ਸਥਾਨਕ ਆਗੂ 2003 ਵਿੱਚ ਜੀ8 ਸੰਮੇਲਨ ਮੌਕੇ ਸਟੋਰਾਂ ਦੀ ਭੰਨਤੋੜ ਵਾਲੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਦੁਹਰਾਓ ਤੋਂ ਫਿਕਰਮੰਦ ਹਨ। ਉਦੋਂ ਰੂਸ ਵੀ ਜੀ8 ਦਾ ਹਿੱਸਾ ਸੀ।ਸੰਮੇਲਨ ’ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਹੋਰਨਾਂ ਆਗੂਆਂ ਦੀ ਮੌਜੂਦਗੀ ਦੇ ਮੱਦੇਨਜ਼ਰ ਫਰੈਂਚ ਤੇ ਸਵਿਸ ਅਥਾਰਿਟੀਜ਼ ਨੇ ਸੁਰੱਖਿਆ ਦੇ ਪੁਖਤਾ ਉਪਰਾਲੇ ਕੀਤੇ ਹਨ। 15 ਜੂਨ ਤੋਂ ਸ਼ੁਰੂ ਹੋਣ ਵਾਲੀ ਵਾਰਤਾ ਐਤਕੀਂ ਜਨੇਵਾ ਝੀਲ ਕੰਢੇ ਵਸੇ ਫਰਾਂਸ ਦੇ ਐਵੀਅਨ-ਲੇਸ-ਬੈਂਸ ਸ਼ਹਿਰ ਵਿੱਚ ਹੋ ਰਹੀ ਹੈ। ਸੰਮੇਲਨ ਦੌਰਾਨ ਮੱਧ ਪੂਰਬ, ਯੂਕਰੇਨ ਤੇ ਆਲਮੀ ਆਰਥਿਕ ਅਸੰਤੁਲਨ ਉੱਤੇ ਚਰਚਾ ਹੋਵੇਗੀ।

## ਅਮਰੀਕਾ-ਈਰਾਨ ਸ਼ਾਂਤੀ ਸਮਝੌਤੇ ਨੂੰ ਮਿਲਿਆ UN ਦਾ ਸਮਰਥਨ, ਖੇਤਰੀ ਸਹਿਯੋਗ ਦੀ ਸਰਾਹਨਾ

**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** António Guterres ਨੇ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਦਾ ਸਵਾਗਤ ਕਰਦਿਆਂ ਇਸ ਨੂੰ ਪੱਛਮੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਵੱਲ ਇੱਕ ਅਹਿਮ ਕਦਮ ਕਰਾਰ ਦਿੱਤਾ ਹੈ। ਸੰਯੁਕਤ ਰਾਸ਼ਟਰ ਮੁਖੀ ਨੇ ਕਿਹਾ ਕਿ ਇਹ ਸਮਝੌਤਾ ਤੁਰੰਤ ਅਤੇ ਸਥਾਈ ਜੰਗਬੰਦੀ, ਹੋਰਮੁਜ਼ ਜਲਡਮਰੂਮੱਧ ਨੂੰ ਮੁੜ ਖੋਲ੍ਹਣ ਅਤੇ ਅਗਲੇ ਪੜਾਅ ਦੀਆਂ ਗੱਲਬਾਤਾਂ ਲਈ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕਰਦਾ ਹੈ। ਗੁਟੇਰੇਸ ਨੇ ਪਾਕਿਸਤਾਨ, ਕਤਰ, ਮਿਸਰ, ਸਾਊਦੀ ਅਰਬ, ਤੁਰਕੀ ਅਤੇ ਹੋਰ ਖੇਤਰੀ ਦੇਸ਼ਾਂ ਦੀ ਮੱਧਸਥਤਾ ਅਤੇ ਕੂਟਨੀਤਿਕ ਯਤਨਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਉਨ੍ਹਾਂ ਉਮੀਦ ਜਤਾਈ ਕਿ ਸਾਰੇ ਪੱਖ ਇਸ ਮੌਕੇ ਦਾ ਲਾਭ ਚੁੱਕਦੇ ਹੋਏ ਸੰਕਟ ਦੇ ਸਥਾਈ ਹੱਲ ਲਈ ਅੱਗੇ ਵਧਣਗੇ। ਸੰਯੁਕਤ ਰਾਸ਼ਟਰ ਨੇ ਇਸ ਪੂਰੀ ਪ੍ਰਕਿਰਿਆ ਵਿੱਚ ਸਹਿਯੋਗ ਦੇਣ ਦੀ ਆਪਣੀ ਵਚਨਬੱਧਤਾ ਵੀ ਦੁਹਰਾਈ ਹੈ। ਇਹ ਸਮਝੌਤਾ ਚਾਰ ਮਹੀਨਿਆਂ ਤੋਂ ਚੱਲ ਰਹੇ



ਟਕਰਾਅ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਕਾਰਨ ਵਿਸ਼ਵ ਅਰਥਵਿਵਸਥਾ ਅਤੇ ਊਰਜਾ ਸਪਲਾਈ 'ਤੇ ਗੰਭੀਰ ਅਸਰ ਪਿਆ ਸੀ। ਸਮਝੌਤੇ 'ਤੇ 19 ਜੂਨ ਨੂੰ ਸਵਿਟਜ਼ਰਲੈਂਡ ਵਿੱਚ ਅਧਿਕਾਰਕ ਦਸਤਖ਼ਤ ਹੋਣ ਦੀ ਉਮੀਦ ਹੈ।

## ਬ੍ਰਿਟੇਨ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ

**ਲੰਡਨ:ਆਪਣਾ ਪੰਜਾਬ ਮੀਡੀਆ:** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ



ਬੱਚਿਆਂ ਦੀ ਮਾਨਸਿਕ ਸਿਹਤ, ਨੀਂਦ ਅਤੇ ਸਮਾਜਿਕ ਜੀਵਨ ਦੀ ਰੱਖਿਆ ਲਈ ਚੁੱਕਿਆ ਗਿਆ ਹੈ। ਬ੍ਰਿਟੇਨ ਹੁਣ ਆਸਟ੍ਰੇਲੀਆ ਸਮੇਤ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ ਜੋ ਨਾਬਾਲਗਾਂ ਲਈ ਸੋਸ਼ਲ ਮੀਡੀਆ ਵਰਤੋਂ 'ਤੇ ਸਖ਼ਤ ਨਿਯਮ ਲਾਗੂ ਕਰ ਰਹੇ ਹਨ।

BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ ‘ਤੇ ਜਾਓ।
Visit our dedicated pages for the latest national and international news.

 Copyright: Apna Punjab Media 2025-26 Graphic & Design: Apna Punjab Media Team

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ

# 76ਵੀਂ ਸਾਲਾਨਾ ਬਰਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਅਤੇ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਦੂਜੀ

ਬਰਸੀ 19,20 ਤੇ 21 ਜੂਨ 2026 ਨੂੰ



ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ ਆਫ ਲਾਂਗ ਆਇਲੈਂਡ ਵੱਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।



ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲੇ

## ਇਸ ਦੇ ਨਾਲ ਹੀ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਦੂਜੀ ਬਰਸੀ ਵੀ ਮਨਾਈ ਜਾ ਰਹੀ ਹੈ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
ਜੂਨ 19, 2025 ਦਿਨ ਸ਼ੁਕਰਵਾਰ ਸਵੇਰੇ 10:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
ਜੂਨ 21, 2025 ਦਿਨ ਐਤਵਾਰ ਸਵੇਰੇ 9:00 ਤੋਂ 10:00 ਵਜੇ

ਉਪ੍ਰੰਤ 3:00 ਵਜੇ ਤੱਕ ਦੀਵਾਨ ਸਜਣਗੇ।
ਲੰਗਰ ਦੀ ਸੇਵਾ ਤਿਨ ਦਿਨ ਅੱਤੁਟ ਕੀਤੀ ਜਾਵੇਗੀ।

ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਐਤਵਾਰ 21 ਜੂਨ ਵਿਸ਼ੇਸ਼ ਸਮਾਗਮ**
ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਅਤੇ ਪ੍ਰਚਾਰਕ ਹਾਜ਼ਰੀ ਭਰਨਗੇ।





ਗਿ.ਰਣਜੀਤ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ | ਭਾਈ ਸੁਖਵੰਤ ਸਿੰਘ ਜੀ ਹਜ਼ੂਰੀ ਰਾਗੀ | ਢਾਡੀ ਜੱਥਾ ਭਾਈ ਮੋਹਨ ਸਿੰਘ ਜੀ ਵਡਾਲਾ



ਗਿ. ਸਰਬਜੀਤ ਸਿੰਘ ਜੀ ਐਲਖ | ਰਾਗੀ ਜਥਾ ਸਤਵਿੰਦਰ ਸਿੰਘ ਜੀ ਹਜ਼ੂਰੀ ਰਾਗੀ | ਭਾਈ ਅਨੰਦ ਸਿੰਘ ਜੀ | ਗਿਆਨੀ ਕੁਲਦੀਪ ਸਿੰਘ

ਐਤਵਾਰ 21 ਜੂਨ ਨੂੰ ਲੰਗਰ, ਫਲ ਫਰੂਟ, ਗੋਲਗੱਪੇ, ਜਲੇਬੀਆਂ, ਪੀਜ਼ੇ, ਛੋਲੇ ਭਟੂਰੇ, ਆਲੂ ਟਿਕੀ, ਸਰਸੋਂ ਦਾ ਸਾਗ ਤੇ ਮੱਕੀ ਦੀ ਰੋਟੀ, ਦਹੀਂ ਭਲੇ, ਆਇਸਕ੍ਰੀਮ ਦੀ ਸੇਵਾ ਸਟਾਲਾਂ ਰਾਹੀ ਅਤੁੱਟ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : Rajinder Singh: 347 612 6521 Sukhwinder Singh: 917 292 7419 Gurdwara: 516-933-4878

ਨੋਟ - ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ 21 ਜੂਨ ਦਿਨ ਐਤਵਾਰ ਆਪਣੀਆਂ ਗੱਡੀਆਂ ਸਰਕਾਰੀ ਪਾਰਕਿੰਗ ਲਾਟ ਵਿੱਚ ਖੜ੍ਹੀਆਂ ਕਰਕੇ ਆਉਣਾ ਜੀ।

**GURU NANAK DARBAR OF LONG ISLAND**
11 N BROADWAY, HICKSVILLE, NY 11801 TEL: (516) 933-4878



Copyright: Apna Punjab Media 2025-26

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1939 | MONDAY JUNE 15, 2026


# ਟਰੰਪ ਦੇ ਨਾਮ 'ਤੇ ਅਦਾਲਤੀ ਸਖ਼ਤੀ, ਕੇਨੇਡੀ ਸੈਂਟਰ ਨੇ 12 ਘੰਟਿਆਂ ਦੀ ਮੰਗ ਕੀਤੀ



**ਵਾਸ਼ਿੰਗਟਨਡੀ.ਸੀ:ਆਪਣਾ ਪੰਜਾਬ ਮੀਡੀਆ:** ਅਮਰੀਕਾ ਦੇ ਪ੍ਰਸਿੱਧ ਜੌਨ ਐਫ. ਕੇਨੇਡੀ ਸੈਂਟਰ ਫਾਰ ਦ ਪਰਫਾਰਮਿੰਗ ਆਰਟਸ ਨੇ ਇਮਾਰਤ ਤੋਂ ਰਾਸ਼ਟਰਪਤੀ ਡੋਨਾਲਡ ਟਰੰਪਦਾਨਾਮਹਟਾਉਣਲਈ ਅਦਾਲਤ ਤੋਂ 12 ਘੰਟਿਆਂ ਦੀ ਵਾਧੂ ਮਿਆਦ ਮੰਗੀ ਹੈ।

ਫੈਡਰਲ ਜੱਜ ਦੇ ਫ਼ੈਸਲੇ ਤੋਂ ਬਾਅਦ ਸ਼ਨੀਵਾਰ ਤੜਕੇ ਕਰਮਚਾਰੀਆਂ ਨੇ ਨਾਮ ਹਟਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਖ਼ਰਾਬ ਮੌਸਮ ਅਤੇ ਤੂਫ਼ਾਨੀ ਬਾਰਿਸ਼ ਕਾਰਨ ਕੰਮ ਵਿੱਚ ਦੇਰੀ ਹੋਣ ਦੀ ਗੱਲ ਕੇਨੇਡੀ ਸੈਂਟਰ ਪ੍ਰਬੰਧਨ ਵੱਲੋਂ ਕਹੀ ਗਈ।

ਅਦਾਲਤ ਨੇ ਪਹਿਲਾਂ ਹੀ ਟਰੰਪ ਦੇ ਨਾਮ ਨਾਲ ਕੀਤੀ ਗਈ ਰੀਬ੍ਰਾਂਡਿੰਗ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ। ਇਸ ਦੌਰਾਨ ਅਪੀਲ ਅਦਾਲਤ ਨੇ ਵੀ ਸੈਂਟਰ ਦੀ ਐਮਰਜੈਂਸੀ ਅਰਜ਼ੀ ਨੂੰ ਰੱਦ ਕਰ ਦਿੱਤਾ। ਨਿਆਂ ਵਿਭਾਗ ਨੇ ਦਲੀਲ ਦਿੱਤੀ ਕਿ ਨਾਮ ਹਟਾਉਣ ਨਾਲ ਦਾਨਦਾਤਾਵਾਂ ਅਤੇ ਜਨਤਾ ਵਿੱਚ ਉਲਝਣ ਪੈਦਾ ਹੋ ਸਕਦੀ ਹੈ। ਫਿਰ ਵੀ ਅਦਾਲਤੀ ਹੁਕਮਾਂ ਅਨੁਸਾਰ ਸੈਂਟਰ ਨੂੰ ਇਮਾਰਤ, ਵੈੱਬਸਾਈਟ ਅਤੇ ਪ੍ਰਚਾਰ ਸਮੱਗਰੀ ਤੋਂ ਟਰੰਪ ਦਾ ਨਾਮ ਹਟਾਉਣਾ ਪਵੇਗਾ। ਇਸ ਫ਼ੈਸਲੇ ਨੂੰ ਟਰੰਪ ਦੇ ਆਲੋਚਕਾਂ ਲਈ ਇੱਕ ਵੱਡੀ ਪ੍ਰਤੀਕਾਤਮਕ ਜਿੱਤ ਮੰਨਿਆ ਜਾ ਰਿਹਾ ਹੈ।

# ਸੁਰੱਖਿਆ ਚਿੰਤਾਵਾਂ ਕਾਰਨ ਅਮਰੀਕਾ ਨੇ Anthropic ਦੇ AI ਮਾਡਲ Fable 5 ਤੇ Mythos 5 'ਤੇ ਲਗਾਈ ਰੋਕ



**ਵਾਸ਼ਿੰਗਟਨ::ਆਪਣਾ ਪੰਜਾਬ ਮੀਡੀਆ:** ਅਮਰੀਕੀ ਸਰਕਾਰ ਨੇ ਰਾਸ਼ਟਰੀ ਸੁਰੱਖਿਆ ਨਾਲ ਜੁੜੀਆਂ ਚਿੰਤਾਵਾਂ ਦੇ ਮੱਦੇਨਜ਼ਰ AI ਕੰਪਨੀ Anthropic ਨੂੰ ਆਪਣੇ ਦੋ ਪ੍ਰਮੁੱਖ ਮਾਡਲ Fable 5 ਅਤੇ Mythos 5 ਦੀ ਵਿਸ਼ਵ ਪੱਧਰੀ ਸੇਵਾ ਮੁਅੱਤਲ ਕਰਨ ਦੇ ਹੁਕਮ ਦਿੱਤੇ ਹਨ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਮਾਡਲਾਂ ਦੀਆਂ ਸੁਰੱਖਿਆ ਪਾਬੰਦੀਆਂ ਨੂੰ ਬਾਈਪਾਸ ਕਰਨ ਲਈ ਇੱਕ ਸੰਭਾਵਿਤ "ਜੈਲਬ੍ਰੇਕ" ਤਰੀਕਾ ਮੌਜੂਦ ਹੈ। ਹੁਕਮਾਂ ਤੋਂ ਬਾਅਦ ਕੰਪਨੀ ਨੇ ਦੋਵੇਂ ਮਾਡਲਾਂ ਤੱਕ ਪਹੁੰਚ ਬੰਦ ਕਰਨੀ ਸ਼ੁਰੂ ਕਰ ਦਿੱਤੀ ਹੈ।

ਹਾਲਾਂਕਿ Anthropic ਨੇ ਇਸ ਕਾਰਵਾਈ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਨੇ ਕੋਈ ਸਪੱਸ਼ਟ ਤਕਨੀਕੀ ਸਬੂਤ ਪੇਸ਼ ਨਹੀਂ ਕੀਤੇ। ਕੰਪਨੀ ਅਨੁਸਾਰ ਇਹ ਖਾਮੀ ਸੀਮਿਤ ਅਤੇ ਪਹਿਲਾਂ ਤੋਂ ਜਾਣੀਆਂ ਛੋਟੀਆਂ ਸੁਰੱਖਿਆ ਕਮਜ਼ੋਰੀਆਂ ਨਾਲ ਸਬੰਧਿਤ ਹੈ। Anthropic ਨੇ ਦਾਅਵਾ ਕੀਤਾ ਕਿ Fable 5 ਦੀ ਰਿਲੀਜ਼ ਤੋਂ ਪਹਿਲਾਂ ਵਿਸਤ੍ਰਿਤ ਸੁਰੱਖਿਆ ਜਾਂਚ ਕੀਤੀ ਗਈ ਸੀ। ਕੰਪਨੀ ਨੇ ਕਿਹਾ ਕਿ ਇਸ ਕਦਮ ਨਾਲ ਦੁਨੀਆ ਭਰ ਦੇ ਲੱਖਾਂ ਯੂਜ਼ਰ ਪ੍ਰਭਾਵਿਤ ਹੋਣਗੇ ਅਤੇ ਇਹ ਭਵਿੱਖ ਵਿੱਚ ਨਵੇਂ AI ਮਾਡਲਾਂ ਦੀ ਰਿਲੀਜ਼ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

# ਈਰਾਨ ਨਾਲ ਸ਼ਾਂਤੀ ਸਮਝੌਤੇ ਤੋਂ ਪਹਿਲਾਂ ਬੇਰੂਤ 'ਤੇ ਹਮਲਾ ਨਹੀਂ ਹੋਣਾ ਚਾਹੀਦਾ ਸੀ: ਟਰੰਪ

**ਵਾਸ਼ਿੰਗਟਨ:ਆਪਣਾ ਪੰਜਾਬ ਮੀਡੀਆ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੇਬਨਾਨ ਦੀ ਰਾਜਧਾਨੀ ਬੇਰੂਤ 'ਤੇ ਇਜ਼ਰਾਈਲ ਵੱਲੋਂ ਕੀਤੇ ਗਏ ਹਮਲੇ 'ਤੇ ਨਾਰਾਜ਼ਗੀ ਜਤਾਉਂਦਿਆਂ ਕਿਹਾ ਹੈ ਕਿ ਇਹ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ। ਟਰੰਪ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਾਲੇ ਸ਼ਾਂਤੀ ਸਮਝੌਤਾ ਹੋਣ ਦੇ ਬਹੁਤ ਨੇੜੇ ਹਨ ਅਤੇ ਅਜਿਹੇ ਹਮਲੇ ਇਸ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਨ੍ਹਾਂ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਮੱਧ ਪੂਰਬ ਵਿੱਚ ਸਥਾਈ ਸ਼ਾਂਤੀ ਲਈ ਇਹ ਇਤਿਹਾਸਕ ਮੌਕਾ ਹੈ। ਟਰੰਪ ਨੇ ਕਿਹਾ ਕਿ ਇਜ਼ਰਾਈਲ ਨੂੰ ਆਪਣੀ ਸੁਰੱਖਿਆ ਦਾ ਹੱਕ ਹੈ, ਪਰ ਜਿਸ ਹਮਲੇ ਦੇ ਜਵਾਬ ਵਿੱਚ ਬੇਰੂਤ 'ਤੇ ਕਾਰਵਾਈ ਕੀਤੀ ਗਈ, ਉਹ ਬਹੁਤ ਛੋਟਾ ਸੀ ਅਤੇ ਕਿਸੇ ਦੀ ਜਾਨ ਨਹੀਂ ਗਈ ਸੀ। ਇਸ ਦੌਰਾਨ ਇਜ਼ਰਾਈਲੀ ਫੌਜ



ਨੇ ਦਾਅਵਾ ਕੀਤਾ ਕਿ ਉਸ ਨੇ ਬੇਰੂਤ ਵਿੱਚ ਹਿਜ਼ਬੁੱਲਾ ਦੇ ਕਮਾਂਡ ਸੈਂਟਰ ਨੂੰ ਨਿਸ਼ਾਨਾ ਬਣਾਇਆ। ਟਰੰਪ ਨੇ ਉਮੀਦ ਜਤਾਈ ਕਿ ਈਰਾਨ ਨਾਲ ਹੋਣ ਵਾਲਾ ਸਮਝੌਤਾ ਖੇਤਰ ਵਿੱਚ ਲੰਬੇ ਸਮੇਂ ਦੀ ਸ਼ਾਂਤੀ ਅਤੇ ਸਥਿਰਤਾ ਦਾ ਰਾਹ ਖੋਲ੍ਹੇਗਾ।

# ਮਿਸੂਰੀ ਵਿੱਚ ਸਕਾਈਡਾਈਵਿੰਗ ਜਹਾਜ਼ ਹਾਦਸਾਗ੍ਰਸਤ, 12 ਲੋਕਾਂ ਦੀ ਮੌਤ

**ਮਿਸੂਰੀ:ਆਪਣਾ ਪੰਜਾਬ ਮੀਡੀਆ:** ਅਮਰੀਕਾ ਦੇ ਮਿਸੂਰੀ ਰਾਜ ਵਿੱਚ ਇੱਕ ਸਕਾਈਡਾਈਵਿੰਗ ਜਹਾਜ਼ ਟੇਕਆਫ਼ ਤੋਂ ਕੁਝ ਸਮੇਂ ਬਾਅਦ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਜਹਾਜ਼ ਵਿੱਚ ਸਵਾਰ ਸਾਰੇ 12 ਲੋਕਾਂ ਦੀ ਮੌਤ ਹੋ ਗਈ। ਅਮਰੀਕੀ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਅਨੁਸਾਰ ਇਹ ਹਾਦਸਾ 14 ਜੂਨ ਨੂੰ ਬਟਲਰ ਮੈਮੋਰੀਅਲ ਏਅਰਪੋਰਟ ਤੋਂ ਉਡਾਣ ਭਰਨ ਮਗਰੋਂ ਸਵੇਰੇ ਕਰੀਬ 11:35 ਵਜੇ ਵਾਪਰਿਆ।



ਹਾਦਸਾਗ੍ਰਸਤ ਜਹਾਜ਼ Pacific Aerospace P750 ਮਾਡਲ ਦਾ ਸੀ, ਜੋ ਸਕਾਈਡਾਈਵਿੰਗ ਆਪਰੇਸ਼ਨ ਲਈ ਵਰਤਿਆ ਜਾ ਰਿਹਾ ਸੀ। ਜਹਾਜ਼ ਏਅਰਪੋਰਟ ਦੇ ਨੇੜੇ ਇੱਕ ਖੇਤ ਵਿੱਚ ਜਾ ਡਿੱਗਿਆ ਅਤੇ ਉਸ ਨੂੰ ਅੱਗ ਲੱਗ ਗਈ। ਰਾਹਤ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ, ਪਰ ਕਿਸੇ ਨੂੰ ਬਚਾਇਆ ਨਹੀਂ ਜਾ ਸਕਿਆ। ਅਧਿਕਾਰੀਆਂ ਨੇ ਮ੍ਰਿਤਕਾਂ ਦੀ ਪਹਿਚਾਣ ਹਾਲੇ ਜਨਤਕ ਨਹੀਂ ਕੀਤੀ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਅਮਰੀਕੀ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

MATRIMONIAL SERVICES NY
Find Your Perfect Punjabi Match in NEW YORK & WORLDWIDE
Exploring the Business Landscape
CLASSIFIED SERVICES NY
grow your business with us
Help businesses attract more customers, generate qualified leads, and increase revenue
CLASSIFIED
Contact: 516-989-8004 | 516-989-8001 | 1 631-835-8000


Copyright: Apna Punjab Media 2025-26
Graphic & Design: Apna Punjab Media Team

Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com











Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.

# ਅਕਾਲੀ ਦਲ (ਪੁਨਰ ਸੁਰਜੀਤ) ਦਾ ਵਫ਼ਦ ਰਾਜਪਾਲ ਨੂੰ ਮਿਲਿਆ

## ਪੰਥਕ, ਆਰਥਿਕ ਅਤੇ ਖੇਤੀ ਮੁੱਦਿਆਂ ਬਾਰੇ ਮੰਗ ਪੱਤਰ ਸੌਂਪਿਆ




**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:**ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਵਫ਼ਦ ਨੇ ਅੱਜ ਪੰਜਾਬ ਲੋਕ ਭਵਨ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਵਫ਼ਦ ਨੇ ਰਾਜਪਾਲ ਨੂੰ ਪੰਥ, ਪੰਜਾਬ ਦੇ ਸੰਵਿਧਾਨਕ ਅਤੇ ਸੰਘੀ ਅਧਿਕਾਰਾਂ, ਕਿਸਾਨਾਂ, ਮਜ਼ਦੂਰਾਂ ਅਤੇ ਸੂਬੇ ਦੀ ਆਰਥਿਕਤਾ ਨਾਲ ਜੁੜੇ ਕਈ ਗੰਭੀਰ ਮੁੱਦਿਆਂ ਬਾਰੇ ਮੰਗ ਪੱਤਰ ਸੌਂਪਿਆ। ਇਹ ਮੰਗ ਪੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਗੋਬਿੰਦ ਸਿੰਘ ਲੌਂਗੋਵਾਲ, ਸੁੱਚਾ ਸਿੰਘ ਛੋਟੇਪੁਰ, ਸਰਵਣ ਸਿੰਘ ਫਿਲੌਰ, ਬੀਬੀ ਪਰਮਜੀਤ ਕੌਰ ਗੁਲਸ਼ਨ, ਗਗਨਜੀਤ ਸਿੰਘ ਬਰਨਾਲਾ, ਅਜੈਪਾਲ ਸਿੰਘ ਮੀਰਾਕੋਟ, ਰਣਜੀਤ ਸਿੰਘ, ਗੁਰਜੀਤ ਸਿੰਘ ਤਲਵੰਡੀ, ਜਗਜੀਤ ਸਿੰਘ ਕੋਹਲੀ ਅਤੇ ਰਵਿੰਦਰ ਸਿੰਘ ਸ਼ਾਹਪੁਰ ਦੀ ਅਗਵਾਈ ਹੇਠ ਵਫ਼ਦ ਨੇ ਦਿੱਤਾ। ਇਸ ਵਫ਼ਦ ਨੇ ਰਾਜਪਾਲ ਨੂੰ ਮੰਗ ਪੱਤਰ ਵਿੱਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ (ਸੋਧ 2026) ਵਿੱਚ ਸਿੱਖ ਸੰਸਥਾਵਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਵਿਆਪਕ ਸੋਧਾਂ ਅਤੇ ਸਾਰੇ ਯੋਗ 'ਬੰਦੀ ਸਿੰਘਾਂ' ਦੀ ਰਿਹਾਈ ਦੀ ਮੰਗ ਕੀਤੀ।

# Bikram Singh Majithia ਤੇ ਦੋ ਹੋਰਾਂ ਨੂੰ ਜ਼ਮਾਨਤ; ਸੀਸੀਟੀਵੀ ਫੁਟੇਜ ਪੇਸ਼ ਨਾ ਕਰ ਸਕੀ ਪੁਲੀਸ



**ਅੰਮ੍ਰਿਤਸਰ :ਆਪਣਾ ਪੰਜਾਬ ਮੀਡੀਆ:**ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਾਥੀਆਂ ਜੋਧ ਸਿੰਘ ਸਮਰਾ ਅਤੇ ਜਤਿੰਦਰ ਪਾਲ ਸਿੰਘ ਨੂੰ ਮਜੀਠਾ ਪੁਲੀਸ ਥਾਣੇ ਵਿੱਚ ਕਥਿਤ ਟਕਰਾਅ ਤੋਂ ਬਾਅਦ ਦਰਜ ਕੀਤੇ ਗਏ ਇੱਕ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਮਜੀਠੀਆ ਦੇ ਕਾਨੂੰਨੀ ਸਲਾਹਕਾਰ ਬਿਕਰਮਜੀਤ ਸਿੰਘ ਬਾਠ, ਜਿਨ੍ਹਾਂ ਦਾ ਨਾਂ ਵੀ ਐੱਫ.ਆਈ.ਆਰ. ਵਿੱਚ ਦਰਜ ਸੀ, ਨੂੰ ਉਸ ਸਮੇਂ ਬਰੀ ਕਰ ਦਿੱਤਾ ਗਿਆ ਜਦੋਂ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਇਸ ਮਾਮਲੇ ਵਿੱਚ ਉਨ੍ਹਾਂ ਦੀ ਲੋੜ ਨਹੀਂ ਹੈ। ਬਾਠ ਜੋ ਕਿ ਇੱਕ ਪ੍ਰੈਕਟਿਸਿੰਗ ਵਕੀਲ ਹਨ, ਅਕਾਲੀ ਦਲ ਦੇ ਸਮਰਥਕ ਜੋਬਨਪ੍ਰੀਤ ਸਿੰਘ ਖ਼ਿਲਾਫ਼ ਦਰਜ ਐੱਫ.ਆਈ.ਆਰ. ਦੀ ਕਾਪੀ ਲੈਣ ਲਈ ਆਪਣੀ ਪੇਸ਼ੇਵਰ ਸਮਰੱਥਾ ਵਿੱਚ ਮਜੀਠੀਆ ਦੇ ਨਾਲ ਗਏ ਸਨ।

# NEET paper leak: ਕਾਕਰੋਚ ਜਨਤਾ ਪਾਰਟੀ ਦਾ ਹੈਦਰਾਬਾਦਵਿੱਚ ਪ੍ਰਦਰਸ਼ਨ

## ਕੇਂਦਰੀ ਸਿੱਖਿਆ ਮੰਤਰੀ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ



**ਹੈਦਰਾਬਾਦ :ਆਪਣਾ ਪੰਜਾਬ ਮੀਡੀਆ:**ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਅਤੇ ਹੋਰ ਜਥੇਬੰਦੀਆਂ ਨੇ ਨੀਟ ਦੇ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਸੀ ਬੀ ਐੱਸ ਈ ਦੀ ਔਨਸਕ੍ਰੀਨ ਮਾਰਕਿੰਗ ਪ੍ਰਣਾਲੀ ਨਾਲ ਜੁੜੀਆਂ ਬੇਨੇਮੀਆਂ ਲਈ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਅੱਜ ਇੱਥੇ ਰੋਸ ਪ੍ਰਦਰਸ਼ਨ ਕੀਤਾ। ਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਖ਼ਿਲਾਫ਼ ਰੋਸ ਦਰਜ ਕਰਵਾਉਣ ਲਈ ਪ੍ਰਦਰਸ਼ਨਕਾਰੀ ਧਰਨਾ ਚੌਕ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਨੇ 'ਸਾਨੂੰ ਇਨਸਾਫ਼ ਚਾਹੀਦਾ ਹੈ' ਅਤੇ 'ਧਰਮੇਂਦਰ ਪ੍ਰਧਾਨ ਅਸਤੀਫ਼ਾ ਦਿਓ' ਵਰਗੇ ਨਾਅਰੇ ਲਾਏ।

ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਨੇ ਸਪਸ਼ਟ ਕੀਤਾ ਕਿ ਇਹ ਅੰਦੋਲਨ ਸਿਆਸੀ ਸੱਤਾ ਹਾਸਲ ਕਰਨ ਜਾਂ ਕਿਸੇ ਸਿਆਸੀ ਪਾਰਟੀ ਨੂੰ ਚੁਣੌਤੀ ਦੇਣ ਲਈ ਨਹੀਂ, ਸਗੋਂ ਲੋਕਾਂ ਨੂੰ ਜਾਗਰੂਕ ਕਰਨ ਅਤੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਲਈ ਹੈ। ਕਾਰਜਸ਼ੀਲ ਲੋਕਤੰਤਰ ਦੀ ਲੋੜ 'ਤੇ ਜ਼ੋਰ ਦਿੰਦਿਆਂ ਵਾਂਗਚੁਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਪ੍ਰਬੰਧ ਵਿੱਚ ਹੋਈਆਂ ਖ਼ਾਮੀਆਂ ਦੀ ਜ਼ਿੰਮੇਵਾਰੀ ਲੈਣ ਦੀ ਅਪੀਲ ਕੀਤੀ। ਵਾਂਗਚੁਕ ਨੇ ਕਿਹਾ ਕਿ ਇਹ ਅੰਦੋਲਨ ਸਿਰਫ਼ ਪ੍ਰੀਖਿਆਵਾਂ ਤੱਕ ਸੀਮਤ ਨਹੀਂ ਹੈ, ਸਗੋਂ ਪ੍ਰਬੰਧ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਦਾ ਯਤਨ ਹੈ, ਜਿਸ ਲਈ ਅੱਗੇ ਵਿਸਤ੍ਰਿਤ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।

# Dr BR Ambedkar ਦੇ ਜੀਵਨ ਨਾਲ ਸਬੰਧਤ ਥਾਵਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:**ਪੰਜਾਬ ਭਾਜਪਾ ਨੇ ਅੱਜ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਤੋਂ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਨਾਲ ਸਬੰਧਤ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਪੰਜ ਬੱਸਾਂ ਰਵਾਨਾ ਕੀਤੀਆਂ ਹਨ। ਇਨ੍ਹਾਂ ਬੱਸਾਂ ਨੂੰ ਅੱਜ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਤੋਂ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ 14 ਤੋਂ 21 ਜੂਨ ਤੱਕ ਚੱਲਣ ਵਾਲੀ ਇਹ ਯਾਤਰਾ ਡਾ. ਬੀ ਆਰ ਅੰਬੇਡਕਰ ਦੇ ਜੀਵਨ ਨਾਲ ਜੁੜੇ ਪੰਜ ਪ੍ਰਮੁੱਖ ਤੀਰਥ ਸਥਾਨਾਂ ਤੱਕ ਪਹੁੰਚੇਗੀ। ਇਨ੍ਹਾਂ ਤੀਰਥ ਸਥਾਨਾਂ 'ਤੇ ਭਾਜਪਾ ਸਰਕਾਰ ਨੇ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਕੀਤਾ ਹੈ। ਇਨ੍ਹਾਂ ਵਿੱਚ ਡਾ. ਭੀਮ ਰਾਓ ਅੰਬੇਡਕਰ ਦੀ ਜਨਮ ਭੂਮੀ ਮਹੂ, ਦੀਕਸ਼ਾਭੂਮੀ ਨਾਗਪੁਰ, ਚੈਤਿਆ ਭੂਮੀ ਮੁੰਬਈ, ਮਹਾਪਰਿਨਿਰਵਾਣ ਸਥਲ ਦਿੱਲੀ ਅਤੇ ਦਿੱਲੀ 'ਚ ਸਥਾਪਤ ਵਰਚੁਅਲ ਸਿੱਖਿਆ ਭੂਮੀ ਸ਼ਾਮਲ ਹਨ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE :
NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com






**ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ**

**ਵਲੋਂ**

**ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ**



# ਮੁਗਲਾਂ ਦਾ ਰਾਜ

ਬਾਬਰ ਨੂੰ ਕਾਬੁਲ ਅਤੇ ਉਥੋਂ ਦਾ ਮੌਸਮ ਬਹੁਤ ਪਸੰਦ ਸੀ।

ਉਸ ਨੇ ਕਾਬੁਲ ਨੂੰ 1526 ਤੀਕ ਰਾਜਧਾਨੀ ਬਣਾਇਆ। ਜਦੋਂ ਬਾਬਰ ਦਿੱਲੀ ਵੱਲ ਚਲਾ ਗਿਆ ਤਾਂ ਦਿਲੀ ਤੋਂ ਹੀ ਸਾਰਾ ਕੰਟਰੋਲ ਕਰਦਾ ਰਿਹਾ।



ਮੀਰਵੈਸ ਖਾਨ



ਅਹਿਮਦ ਖਾਨ ਸਦੋਜ਼ਈ (ਦੁਰਾਨੀ)



ਇਸ ਦੌਰਾਨ ਮੁਗਲਾਂ ਅਤੇ ਪਠਾਣਾਂ ਦੀ ਲੜਾਈ ਸਮੇਂ ਸਮੇਂ ਵਿਚ ਕਈ ਇਲਾਕਿਆਂ ਤੇ ਹੁੰਦੀ ਰਹੀ ਹੈ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ ਜਿਸ ਤਰ੍ਹਾਂ

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥

ਕੁਝ ਸਮੇਂ ਲਈ ਗਿਲਜ਼ਈ ਕੌਮ ਪਸ਼ਤੂਨਾਂ ਦਾ ਲੀਡਰ ਜਨਰਲ ਮੀਰਵੈਸ ਖਾਨ ਹੋਤਕ ਦੇ ਛਤਰ ਛਾਇਆ ਹੇਠ

ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
APNA PUNJAB MEDIA
Journalism With Guts to Tell It Like It Is!

ਸੰਨ 1709 ਵਿਚ ਪਾਰਸ ਤੇ ਹਮਲਾ ਕਰਕੇ ਬਹੁਤ ਸਾਰਾ ਪਰਸ਼ੀਅਨ ਦਾ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਆਪਣੇ ਅੰਦਰੁਨੀ ਝਗੜੇ ਅਤੇ ਲਗਾਵਟ ਕਾਰਨ ਸਿਰਫ਼ ਈਰਾਨ ਦਾ ਹਿੱਸਾ ਨਹੀਂ ਬਲਕਿ ਕੰਧਾਰ ਵੀ ਨਾਦਰ ਸ਼ਾਹ ਅਫ਼ਸ਼ਾਰ ਦੇ ਹੱਥੋਂ ਹਾਰ ਗਿਆ।

ਨਾਦਿਰ ਸ਼ਾਹ ਅਫ਼ਸ਼ਾਰ ਨੇ ਪਠਾਣਾਂ ਨੂੰ ਜਲਾਲਾਬਾਦ ਦੇ ਹਿਸੇ ਵਿਚ ਸ਼ਿਕਸਤ ਦੇਕੇ ਖੈਬਰਪਾਸ ਰਾਹੀਂ ਦਿੱਲੀ ਵੱਲ ਕੂਚ ਕੀਤਾ ਅਤੇ ਕੋਹਿਨੂਰ ਹੀਰਾ ਤੇ ਕਈ ਕੀਮਤੀ ਚੀਜ਼ਾਂ ਲੁੱਟ ਲਈਆਂ।

Cont...

 Copyright: Apna Punjab Media 2025-26 Graphic & Design: Apna Punjab Media Team



# New York's first four-story Gurudwara under construction

## Expected to be completed by December 31, 2026

**PHOTO & REPORT BY APNA PUNJAB MEDIA TEAM 1 516 989 8001, 1 516 989 8004**











**A historic achievement to have a Gurudwara with ample parking facilities in a metropolis like New York**

It is a matter of pride for the Sikh community that the construction of a modern and spacious Gurudwara is progressing rapidly on a land of about 25000 Sq. Feet at 2000 Hillside Ave., New Hyde Park, NY 11040. The site for this project was acquired in the year 2021 and after obtaining the necessary approvals and construction permits from the local administration, the construction work started in February 2025. This magnificent building, which is being built at a cost of about 5 million dollars, is being built in an area of 25000 Sq. Feet. The project is expected to be completed by December 31, 2026. The Gurudwara building will have a total of four levels including a basement. A spacious langar hall of 75 X 55 Sq. Feet is being built in the basement, while a 75 X 55 Sq. Feet area is being built on the first floor. Feet main Diwan Hall will be established. On the second floor, a 75 x 40 sq. ft. Diwan Hall and a 75 x 40 sq. ft. Multi-purpose Community Center are being built on the third floor. In addition, an open rooftop area of 75 x 40 sq. ft. is being prepared on the roof, which can be used for religious, social and family functions. According to the organizers, this will be the first Gurudwara of its kind in America, in which modern facilities like Langar Hall, multi-level Diwan Halls, Community Center and Rooftop Event Venue will be available in a single building. This Gurudwara will become an important center for the propagation of Sikhism as well as social and community activities. On this occasion, the organizers appealed to the entire Sangat living in New York and its surroundings and said that the construction work of this huge building of the Gurughar should be completed on time and quickly with maximum support with body, mind and money. This will not just be a building, but a common heritage of the entire community and a great religious and social center for the coming generations. They said that this project is being realized with the support of the Sangat and will set a unique example on the soil of America. The Lifetime Membership of this Gurughar is 5100 dollars, which you can also pay in installments.

### Special Presentation of Apna Punjab Media



From time to time, Apna Punjab Media makes efforts to reach out to the Punjabi community living around the world through the media on political, social and community issues, while also highlighting constructive works, important projects and achievements related to different religions. Under this series, I got the opportunity to visit this important religious place in New York today, where the construction of a huge and historic Gurudwara has been going on in full swing for a long time.

During the visit, I also got the opportunity to meet and talk to the founder of this project, Mohinder Singh Gilzian. We are bringing to you through our media coverage the information they shared about the construction of the Gurudwara, future plans, support from the Sangat, and the features of this project, so that the Sangat living around the world can become familiar with this great religious and community initiative.

**FOR MORE INFORMATION CONTACT:**

S. PHUMAN SINGH IBRAHIMPUR PRESIDENT GURDWARA GURU TEGH BAHADUR SAHIB 1 917 721 0769 , GURMIT SINGH BUTTAR PRESIDENT MALWA BROTHERS ASSOCIATION USA 1 516 209 7902, DAVINDER SINGH PRESIDENT GURU TEGH BAHADUR SAHIB WELFARE SOCIETY USA 1 917 807 9939 KULWANT SINGH DEOL CHAIRMAN GURDWARA GURU TEGH BAHADUR SAHIB 1 917 642 6628, MOHINDER SINGH GILZIAN PRESIDENT INDIAN OVERSEAS CONGRESS USA 1 646 732 5119



Copyright: Apna Punjab Media 2025-26



# ਨਿਊਯਾਰਕ ਦੀ ਧਰਤੀ 'ਤੇ ਬਣ ਰਿਹਾ

# ਪਹਿਲਾ ਚਾਰ ਮੰਜ਼ਿਲਾ ਗੁਰੂਘਰ

## 31 ਦਸੰਬਰ 2026 ਤੱਕ ਮੁਕੰਮਲ ਹੋਣ ਦੀ ਉਮੀਦ

PHOTO & REPORT BY APNA PUNJAB MEDIA TEAM 1 516 989 8001, 1 516 989 8004











**ਨਿਊਯਾਰਕ ਵਰਗੇ ਮਹਾਨਗਰ ਵਿੱਚ ਵਿਸ਼ਾਲ ਪਾਰਕਿੰਗ ਸਹੂਲਤ ਵਾਲਾ ਗੁਰੂਘਰ ਬਣਨਾ ਇਕ ਇਤਿਹਾਸਕ ਪ੍ਰਾਪਤੀ**

ਨਿਊ ਹਾਈਡ ਪਾਰਕ (ਨਿਊਯਾਰਕ) : ਸਿੱਖ ਸੰਗਤ ਲਈ ਮਾਣ ਵਾਲੀ ਗੱਲ ਹੈ ਕਿ 2000 Hillside Ave., New Hyde Park, NY 11040 ਵਿਖੇ ਲਗਭਗ 25000 Sq. Feet. ਵਾਲੀ ਜ਼ਮੀਨ 'ਤੇ ਇੱਕ ਆਧੁਨਿਕ ਅਤੇ ਵਿਸ਼ਾਲ ਗੁਰੂਘਰ ਦੀ ਉਸਾਰੀ ਤੇਜ਼ੀ ਨਾਲ ਜਾਰੀ ਹੈ। ਇਸ ਪ੍ਰਾਜੈਕਟ ਲਈ ਸਾਲ 2021 ਵਿੱਚ ਅਸਥਾਨ ਪ੍ਰਾਪਤ ਕੀਤਾ ਗਿਆ ਸੀ ਅਤੇ ਸਥਾਨਕ ਪ੍ਰਸ਼ਾਸਨ ਤੋਂ ਲੋੜੀਂਦੀਆਂ ਮਨਜ਼ੂਰੀਆਂ ਅਤੇ ਨਿਰਮਾਣ ਪਰਮਿਟ ਹਾਸਲ ਕਰਨ ਤੋਂ ਬਾਅਦ ਉਸਾਰੀ ਦਾ ਕੰਮ ਫਰਵਰੀ 2025 ਵਿੱਚ ਸ਼ੁਰੂ ਕੀਤਾ ਗਿਆ। ਕਰੀਬ 5 ਮਿਲੀਅਨ ਡਾਲਰ ਦੀ ਲਾਗਤ ਨਾਲ ਤਿਆਰ ਹੋ ਰਹੀ ਇਹ ਸ਼ਾਨਦਾਰ ਇਮਾਰਤ 25000 Sq. Feet ਦੇ ਖੇਤਰ ਵਿੱਚ ਬਣ ਰਹੀ ਹੈ। ਪ੍ਰਾਜੈਕਟ ਦੇ 31 ਦਸੰਬਰ 2026 ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਗੁਰੂਘਰ ਦੀ ਇਮਾਰਤ ਵਿੱਚ ਇੱਕ ਬੇਸਮੈਂਟ ਸਮੇਤ ਕੁੱਲ ਚਾਰ ਪੱਧਰ ਹੋਣਗੇ। ਬੇਸਮੈਂਟ 'ਚ 75 X 55 Sq. Feet ਦਾ ਵਿਸ਼ਾਲ ਲੰਗਰ ਹਾਲ ਬਣਾਇਆ ਜਾ ਰਿਹਾ ਹੈ, ਜਦਕਿ ਪਹਿਲੀ ਮੰਜ਼ਿਲ 'ਤੇ 75 X 55 Sq. Feet ਦਾ ਮੁੱਖ ਦੀਵਾਨ ਹਾਲ ਸਥਾਪਿਤ ਕੀਤਾ ਜਾਵੇਗਾ। ਦੂਜੀ ਮੰਜ਼ਿਲ 'ਤੇ 75 X 40 Sq. Feet ਦਾ ਦੀਵਾਨ ਹਾਲ ਅਤੇ ਤੀਜੀ ਮੰਜ਼ਿਲ 'ਤੇ 75 X 40 Sq. Feet ਦਾ ਬਹੁ-ਮੰਤਵੀ ਕਮਿਊਨਿਟੀ ਸੈਂਟਰ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਛੱਤ ਉੱਤੇ 75 X 40 Sq. Feet ਦਾ ਖੁੱਲ੍ਹਾ ਰੂਫਟਾਪ ਖੇਤਰ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੀ ਵਰਤੋਂ ਧਾਰਮਿਕ, ਸਮਾਜਿਕ ਅਤੇ ਪਰਿਵਾਰਕ ਸਮਾਗਮਾਂ ਲਈ ਕੀਤੀ ਜਾ ਸਕੇਗੀ। ਪ੍ਰਬੰਧਕਾਂ ਅਨੁਸਾਰ ਇਹ ਅਮਰੀਕਾ ਦਾ ਆਪਣੀ ਕਿਸਮ ਦਾ ਪਹਿਲਾ ਗੁਰੂਘਰ ਹੋਵੇਗਾ, ਜਿਸ ਵਿੱਚ ਲੰਗਰ ਹਾਲ, ਬਹੁ-ਪੱਧਰੀ ਦੀਵਾਨ ਹਾਲਾਂ, ਕਮਿਊਨਿਟੀ ਸੈਂਟਰ ਅਤੇ ਰੂਫਟਾਪ ਸਮਾਗਮ ਸਥਾਨ ਵਰਗੀਆਂ ਆਧੁਨਿਕ ਸਹੂਲਤਾਂ ਇੱਕੋ ਇਮਾਰਤ ਵਿੱਚ ਉਪਲਬਧ ਹੋਣਗੀਆਂ। ਇਹ ਗੁਰੂਘਰ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਸਮਾਜਿਕ ਅਤੇ ਭਾਈਚਾਰਕ ਗਤੀਵਿਧੀਆਂ ਦਾ ਵੀ ਮਹੱਤਵਪੂਰਨ ਕੇਂਦਰ ਬਣੇਗਾ। ਇਸ ਮੌਕੇ ਪ੍ਰਬੰਧਕਾਂ ਵਲੋਂ ਨਿਊਯਾਰਕ ਅਤੇ ਆਸ-ਪਾਸ ਵੱਸਦੀ ਸਮੂਹ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ

ਗੁਰੂਘਰ ਦੀ ਇਸ ਵਿਸ਼ਾਲ ਇਮਾਰਤ ਦੇ ਨਿਰਮਾਣ ਕਾਰਜ ਨੂੰ ਸਮੇਂ ਸਿਰ ਅਤੇ ਜਲਦੀ ਮੁਕੰਮਲ ਕਰਨ ਲਈ ਵੱਧ ਚੜ੍ਹ ਕੇ ਤਨ, ਮਨ ਅਤੇ ਧਨ ਨਾਲ ਸਹਿਯੋਗ ਦਿੱਤਾ ਜਾਵੇ। ਇਹ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਪੂਰੇ ਭਾਈਚਾਰੇ ਦੀ ਸਾਂਝੀ ਵਿਰਾਸਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਹਾਨ ਧਾਰਮਿਕ ਅਤੇ ਸਮਾਜਿਕ ਕੇਂਦਰ ਹੋਵੇਗਾ।

ਉਨ੍ਹਾਂ ਦੱਸਿਆ ਇਹ ਪ੍ਰਾਜੈਕਟ ਸੰਗਤ ਦੇ ਸਹਿਯੋਗ ਨਾਲ ਸਾਕਾਰ ਹੋ ਰਿਹਾ ਹੈ ਤੇ ਅਮਰੀਕਾ ਦੀ ਧਰਤੀ 'ਤੇ ਇੱਕ ਵਿਲੱਖਣ ਮਿਸਾਲ ਕਾਇਮ ਕਰੇਗਾ। ਇਸ ਗੁਰੂ ਘਰ ਦੀ Lifetime Membership 5100 ਡਾਲਰ ਹੈ, ਜਿਹੜੇ ਤੁਸੀ ਕਿਸ਼ਤਾਂ ਚ ਵੀ ਦੇ ਸਕਦੇ ਹੋ..

### ਆਪਣਾ ਪੰਜਾਬ ਮੀਡੀਆ ਦੀ ਵਿਸ਼ੇਸ਼ ਪੇਸ਼ਕਸ



ਸਮੇਂ-ਸਮੇਂ 'ਤੇ ਆਪਣਾ ਪੰਜਾਬ ਮੀਡੀਆ ਵੱਲੋਂ ਜਿੱਥੇ ਰਾਜਨੀਤਿਕ, ਸਮਾਜਿਕ ਅਤੇ ਭਾਈਚਾਰਕ ਮਸਲਿਆਂ ਨੂੰ ਮੀਡੀਆ ਰਾਹੀਂ ਦੁਨੀਆ ਭਰ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾਂਦੇ ਹਨ, ਉੱਥੇ ਹੀ ਵੱਖ-ਵੱਖ ਧਰਮਾਂ ਨਾਲ ਸਬੰਧਤ ਉਸਾਰੂ ਕਾਰਜਾਂ, ਮਹੱਤਵਪੂਰਨ ਪ੍ਰੋਜੈਕਟਾਂ ਅਤੇ ਪ੍ਰਾਪਤੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਜਾਂਦਾ ਹੈ।

ਇਸੇ ਲੜੀ ਤਹਿਤ ਮੈਨੂੰ ਅੱਜ ਨਿਊਯਾਰਕ ਦੇ ਇਸ ਮਹੱਤਵਪੂਰਨ ਧਾਰਮਿਕ ਅਸਥਾਨ ਦਾ ਦੌਰਾ ਕਰਨ ਦਾ ਮੌਕਾ ਮਿਲਿਆ, ਜਿੱਥੇ ਪਿਛਲੇ ਕਾਫੀ ਸਮੇਂ ਤੋਂ ਇੱਕ ਵਿਸ਼ਾਲ ਅਤੇ ਇਤਿਹਾਸਕ ਗੁਰੂਘਰ ਦੀ ਉਸਾਰੀ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਦੌਰੇ ਦੌਰਾਨ ਅਚਾਨਕ ਇਸ ਪ੍ਰੋਜੈਕਟ ਦੇ ਸੰਸਥਾਪਕ Mohinder Singh Gilzian ਨਾਲ ਮੁਲਾਕਾਤ ਅਤੇ ਗੱਲਬਾਤ ਕਰਨ ਦਾ ਮੌਕਾ ਵੀ ਪ੍ਰਾਪਤ ਹੋਇਆ। ਉਨ੍ਹਾਂ ਵੱਲੋਂ ਗੁਰੂਘਰ ਦੇ ਨਿਰਮਾਣ, ਭਵਿੱਖੀ ਯੋਜਨਾਵਾਂ, ਸੰਗਤ ਦੇ ਸਹਿਯੋਗ ਅਤੇ ਇਸ ਪ੍ਰੋਜੈਕਟ ਦੀਆਂ ਵਿਸ਼ੇਸ਼ਤਾਵਾਂ ਬਾਰੇ ਸਾਂਝੀ ਕੀਤੀ ਜਾਣਕਾਰੀ ਨੂੰ ਅਸੀਂ ਆਪਣੀ ਮੀਡੀਆ ਕਵਰੇਜ ਰਾਹੀਂ ਤੁਹਾਡੇ ਤੱਕ ਪਹੁੰਚਾ ਰਹੇ ਹਾਂ, ਤਾਂ ਜੋ ਦੁਨੀਆ ਭਰ ਵਿੱਚ ਵੱਸਦੀ ਸੰਗਤ ਇਸ ਮਹਾਨ ਧਾਰਮਿਕ ਅਤੇ ਭਾਈਚਾਰਕ ਉਪਰਾਲੇ ਨਾਲ ਜਾਣੂ ਹੋ ਸਕੇ।

## FOR MORE INFORMATION CONTACT:

S. PHUMAN SINGH IBRAHIMPUR PRESIDENT GURDWARA GURU TEGH BAHADUR SAHIB 1 917 721 0769 , GURMIT SINGH BUTTAR PRESIDENT MALWA BROTHERS ASSOCIATION USA 1 516 209 7902, DAVINDER SINGH PRESIDENT GURU TEGH BAHADUR SAHIB WELFARE SOCIETY USA 1 917 807 9939 KULWANT SINGH DEOL CHAIRMAN GURDWARA GURU TEGH BAHADUR SAHIB 1 917 642 6628, MOHINDER SINGH GILZIAN PRESIDENT INDIAN OVERSEAS CONGRESS USA 1 646 732 5119



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1 516 989 8001 | 1 631 835 8000

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

15 VOL XVIII, ISSUE 1939 | MONDAY JUNE 15, 2026





BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

Visit our dedicated pages for the latest national and international news.

ਹਟਕੇ ਹਟਕੇ


# ਅਮਰੀਕਾ-ਈਰਾਨ ਸ਼ਾਂਤੀ ਸਮਝੌਤੇ ਦਾ ਮੋਦੀ ਵੱਲੋਂ ਸਵਾਗਤ, ਪੱਛਮੀ ਏਸ਼ੀਆ ਵਿੱਚ ਸਥਿਰਤਾ ਦੀ ਜਤਾਈ ਉਮੀਦ



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** Narendra Modi ਨੇ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਦਾ ਸਵਾਗਤ ਕਰਦਿਆਂ ਪੱਛਮੀ ਏਸ਼ੀਆ ਵਿੱਚ ਜਲਦ ਸ਼ਾਂਤੀ ਅਤੇ ਸਥਿਰਤਾ ਬਹਾਲ ਹੋਣ ਦੀ ਉਮੀਦ ਜਤਾਈ ਹੈ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਜਾਰੀ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਟਕਰਾਅ ਕਾਰਨ ਦੁਨੀਆ ਭਰ ਵਿੱਚ ਆਰਥਿਕ ਰੁਕਾਵਟਾਂ ਪੈਦਾ ਹੋਈਆਂ ਅਤੇ ਕਈ ਦੇਸ਼ਾਂ ਵਿੱਚ ਜਾਨੀ ਨੁਕਸਾਨ ਵੀ ਹੋਇਆ। ਉਨ੍ਹਾਂ ਕਿਹਾ ਕਿ ਭਾਰਤ ਨੂੰ ਉਮੀਦ ਹੈ ਕਿ ਇਸ ਸਮਝੌਤੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨਾਲ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਮੁੜ ਕਾਇਮ ਹੋਵੇਗੀ ਅਤੇ ਸਮੁੰਦਰੀ ਆਵਾਜਾਈ ਅਤੇ ਵਪਾਰ ਦੀ ਆਜ਼ਾਦੀ ਯਕੀਨੀ ਬਣੇਗੀ। ਮੋਦੀ ਨੇ ਕਿਹਾ ਕਿ ਬਾਕੀ ਰਹਿੰਦੇ ਮੁੱਦਿਆਂ 'ਤੇ ਵੀ ਸਾਰਥਕ ਗੱਲਬਾਤ ਰਾਹੀਂ ਇੱਕ ਟਿਕਾਊ ਅੰਤਿਮ ਸਮਝੌਤੇ ਤੱਕ ਪਹੁੰਚਣ ਦੀ ਲੋੜ ਹੈ। ਇਸ ਦੌਰਾਨ ਦੁਨੀਆ ਦੇ ਕਈ ਆਗੂਆਂ ਨੇ ਵੀ ਅਮਰੀਕਾ-ਈਰਾਨ ਸਮਝੌਤੇ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਪੱਛਮੀ ਏਸ਼ੀਆ ਵਿੱਚ ਸਥਿਰਤਾ ਅਤੇ ਵਿਸ਼ਵ ਊਰਜਾ ਬਾਜ਼ਾਰਾਂ ਲਈ ਸਕਾਰਾਤਮਕ ਕਦਮ ਕਰਾਰ ਦਿੱਤਾ ਹੈ।

## ਅਮਰੀਕਾ-ਈਰਾਨ ਸ਼ਾਂਤੀ ਸਮਝੌਤਾ ਟੁੱਟਣ ਦਾ ਖ਼ਤਰਾ ਬਰਕਰਾਰ: ਸਾਬਕਾ ਆਸਟ੍ਰੇਲੀਆਈ PM ਸਕਾਟ ਮੌਰੀਸਨ



**ਸਿਡਨੀ:ਆਪਣਾ ਪੰਜਾਬ ਮੀਡੀਆ:** ਆਸਟ੍ਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ Scott Morrison ਨੇ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਨਵੇਂ ਸ਼ਾਂਤੀ ਸਮਝੌਤੇ ਦੀ ਟਿਕਾਊਤਾ 'ਤੇ ਸਵਾਲ ਖੜ੍ਹੇ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਇਸ ਦੇ ਭਵਿੱਖ ਵਿੱਚ ਟੁੱਟਣ ਦਾ ਖ਼ਤਰਾ ਮੌਜੂਦ ਹੈ। ਇੱਕ ਇੰਟਰਵਿਊ ਦੌਰਾਨ ਮੌਰੀਸਨ ਨੇ ਕਿਹਾ ਕਿ ਇਤਿਹਾਸ ਨੂੰ ਦੇਖਦੇ ਹੋਏ ਈਰਾਨ ਦੇ ਵਾਅਦਿਆਂ 'ਤੇ ਪੂਰਾ ਭਰੋਸਾ ਕਰਨਾ ਮੁਸ਼ਕਲ ਹੈ ਅਤੇ ਸਮਝੌਤੇ ਨੂੰ ਲੰਬੇ ਸਮੇਂ ਤੱਕ ਕਾਇਮ ਰੱਖਣਾ ਵੱਡੀ ਚੁਣੌਤੀ ਹੋਵੇਗੀ। ਹਾਲਾਂਕਿ ਉਨ੍ਹਾਂ ਨੇ ਜੰਗ ਖ਼ਤਮ ਕਰਨ ਲਈ ਹੋਏ ਇਸ ਸਮਝੌਤੇ ਦਾ ਸਵਾਗਤ ਵੀ ਕੀਤਾ ਅਤੇ ਇਸ ਨੂੰ ਸਕਾਰਾਤਮਕ ਕਦਮ ਕਰਾਰ ਦਿੱਤਾ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ Donald Trump ਨੇ ਐਲਾਨ ਕੀਤਾ ਕਿ ਈਰਾਨ ਨਾਲ ਸਮਝੌਤਾ ਮੁਕੰਮਲ ਹੋ ਗਿਆ ਹੈ ਅਤੇ ਹੋਰਮੁਜ਼ ਜਲਡਮਰੂਮੱਧ ਨੂੰ ਮੁੜ ਖੋਲ੍ਹਣ ਅਤੇ ਸਮੁੰਦਰੀ ਪਾਬੰਦੀਆਂ ਹਟਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਦੂਜੇ ਪਾਸੇ ਈਰਾਨ ਦੇ ਉਪ ਵਿਦੇਸ਼ ਮੰਤਰੀ Kazem Gharibabadi ਨੇ ਕਿਹਾ ਕਿ ਅਗਲੇ ਪੜਾਅ ਦੀਆਂ ਗੱਲਬਾਤਾਂ ਅਮਰੀਕਾ ਵੱਲੋਂ ਆਪਣੀਆਂ ਵਚਨਬੱਧਤਾਵਾਂ ਪੂਰੀਆਂ ਕਰਨ ਤੋਂ ਬਾਅਦ ਹੀ ਅੱਗੇ ਵਧਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਮਝੌਤਾ ਅਮਰੀਕਾ 'ਤੇ ਭਰੋਸੇ ਦਾ ਪ੍ਰਤੀਕ ਨਹੀਂ, ਸਗੋਂ ਇੱਕ ਵਿਹਾਰਕ ਕਦਮ ਹੈ।

## ਸਲੋਵਾਕੀਆ ਪਹੁੰਚੇ ਪ੍ਰਧਾਨ ਮੰਤਰੀ ਮੋਦੀ ਦਾ ਸ਼ਾਨਦਾਰ ਸਵਾਗਤ, PM ਫਿਕੋ ਨਾਲ ਕੀਤੀ ਮੁਲਾਕਾਤ



**ਬ੍ਰਾਤਿਸਲਾਵਾ: ਆਪਣਾ ਪੰਜਾਬ ਮੀਡੀਆ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੋਮਵਾਰ ਨੂੰ ਸਲੋਵਾਕੀਆ ਦੀ ਰਾਜਧਾਨੀ ਬ੍ਰਾਤਿਸਲਾਵਾ ਪਹੁੰਚਣ 'ਤੇ ਭਰਪੂਰ ਉਤਸ਼ਾਹ ਅਤੇ ਰਸਮੀ ਮਾਣ-ਸਨਮਾਨ ਨਾਲ ਸਵਾਗਤ ਕੀਤਾ ਗਿਆ। ਸਾਲ 1993 ਵਿੱਚ ਸਲੋਵਾਕੀਆ ਦੇ ਇੱਕ ਸੁਤੰਤਰ ਰਾਸ਼ਟਰ ਵਜੋਂ ਉਭਰਨ ਤੋਂ ਬਾਅਦ ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪਹਿਲੀ ਅਧਿਕਾਰਕ ਯਾਤਰਾ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾ ਰਿਹਾ ਹੈ। ਬ੍ਰਾਤਿਸਲਾਵਾ ਵਿੱਚ ਪਹੁੰਚਣ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਸ਼ਾਨਦਾਰ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨੇ ਸਲੋਵਾਕੀਆ ਦੇ ਪ੍ਰਧਾਨ ਮੰਤਰੀ ਰਾਬਰਟ ਫਿਕੋ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਆਗੂਆਂ ਨੇ ਦੁਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਵਿਸਥਾਰਪੂਰਵਕ ਗੱਲਬਾਤ ਕੀਤੀ। ਮੀਟਿੰਗ ਤੋਂ ਪਹਿਲਾਂ ਦੋਵੇਂ ਆਗੂਆਂ ਨੇ ਇੱਕ ਵਿਸ਼ੇਸ਼ ਕਲਾ ਪ੍ਰਦਰਸ਼ਨੀ ਦਾ ਦੌਰਾ ਵੀ ਕੀਤਾ, ਜਿੱਥੇ ਸਲੋਵਾਕੀਆ ਦੀ ਸੱਭਿਆਚਾਰਕ ਵਿਰਾਸਤ ਅਤੇ ਕਲਾਤਮਕ ਰਚਨਾਵਾਂ ਨੂੰ ਦਰਸਾਇਆ ਗਿਆ। ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਸਲੋਵਾਕੀਆ ਦੀ ਪ੍ਰਸਿੱਧ ਰਵਾਇਤੀ ਰਸਮ 'ਬ੍ਰੈੱਡ ਅਤੇ ਸਾਲਟ' ਨਾਲ ਕੀਤਾ ਗਿਆ। ਇਸ ਰਸਮ ਨੂੰ ਸਥਾਨਕ ਸੰਸਕ੍ਰਿਤੀ ਵਿੱਚ ਸਤਿਕਾਰ, ਦੋਸਤੀ ਅਤੇ ਮਹਿਮਾਨਨਵਾਜ਼ੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।


Kishneet VIDEOGRAPHY

DIGITAL PHOTO & VIDEO

778 885-5513

Premium Solution for 4K & Full HD Video and Photo Needs

OUR SERVICES

WEDDING | BIRTHDAY | SWEET SIXTEEN | RING CEREMONY



13228 62 A Ave Surrey, BC V3X 3S5, Canada





Copyright: Apna Punjab Media 2025-26

Graphic & Design: Apna Punjab Media Team

# CENTER FOR SOCIAL CHANGE

CENTER FOR SOCIAL CHANGE
We Change Lives

## OUR VISION

**Our vision is to provide programs & services to individuals with developmental disabilities & related disorders including autism to live & work in the community & exercise their rights, choice - & freedom & to live independent of institutional life through integrated effects of change agents who are passionate about changing lives of people with disabilities throughout the world.**





**JASDEEP SINGH JASSI**
CHAIRMAN
CENTER FOR SOCIAL CHANGE



**SAJID TRAR**
CHAIRMAN
CENTER FOR SOCIAL CHANGE

**6600 Amberton Dr. Elkridge, MD 21075, USA**

**Phone: 41-569-6789**

**Fax: 41-796-1201**

www.centerforsocialckange.org

E-mail: info@centerforsocialchange.org



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com
17 VOL XVIII, ISSUE 1939 | MONDAY JUNE 15, 2026
CANADA

# ਬੱਚਿਆਂ ਦੀ ਸੁਰੱਖਿਆ 'ਤੇ ਕੋਈ ਸਮਝੌਤਾ ਨਹੀਂ: ਮਿਲਰ

**ਓਟਵਾ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੇ ਆਇਡੈਂਟਿਟੀ ਐਂਡ ਕਲਚਰ ਮੰਤਰੀ ਮਾਰਕ ਮਿਲਰ ਨੇ ਸਪੱਸ਼ਟ ਕੀਤਾ ਹੈ ਕਿ ਬੱਚਿਆਂ ਦੀ ਆਨਲਾਈਨ ਸੁਰੱਖਿਆ ਨੂੰ ਕਿਸੇ ਵੀ ਵਪਾਰਕ ਜਾਂ ਰਾਜਨੀਤਿਕ ਸੌਦੇਬਾਜ਼ੀ ਦਾ ਹਿੱਸਾ ਨਹੀਂ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਬੱਚਿਆਂ ਨੂੰ ਸੋਸ਼ਲ ਮੀਡੀਆ ਦੇ ਸੰਭਾਵਿਤ ਨੁਕਸਾਨਾਂ ਤੋਂ ਬਚਾਉਣਾ ਹੈ ਅਤੇ ਇਸ ਮਾਮਲੇ ਵਿੱਚ ਕੋਈ ਪਿੱਛੇ ਹਟਣ ਵਾਲੀ ਗੱਲ ਨਹੀਂ। ਕੈਨੇਡਾ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸੇਫ਼ ਸੋਸ਼ਲ ਮੀਡੀਆ ਐਕਟ ਬਿਲ ਸੀ-34 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਹਾਲਾਂਕਿ, ਜੇਕਰ ਕੋਈ ਪਲੇਟਫਾਰਮ ਸਰਕਾਰ



ਦੁਆਰਾ ਨਿਰਧਾਰਤ ਸੁਰੱਖਿਆ ਮਿਆਰਾਂ ਦੀ ਪਾਲਣਾ ਕਰਦਾ ਹੈ ਤਾਂ ਉਸ ਨੂੰ ਛੋਟ ਮਿਲ ਸਕਦੀ ਹੈ। ਇਹ ਬਿਲ ਉਸ ਸਮੇਂ ਚਰਚਾ ਵਿੱਚ ਹੈ ਜਦੋਂ ਅਮਰੀਕਾ ਅਤੇ ਕੈਨੇਡਾ ਵਿਚਕਾਰ ਡਿਜੀਟਲ ਨੀਤੀਆਂ ਨੂੰ ਲੈ ਕੇ ਤਣਾਅ ਚੱਲ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਪਹਿਲਾਂ ਵੀ ਵੱਡੀਆਂ ਟੈਕ ਕੰਪਨੀਆਂ ਦੇ ਹੱਕ ਵਿੱਚ ਬਿਆਨ ਦਿੰਦੇ ਰਹੇ ਹਨ ਅਤੇ ਸੋਸ਼ਲ ਮੀਡੀਆ ਪਾਬੰਦੀਆਂ ਦਾ ਵਿਰੋਧ ਕਰ ਚੁੱਕੇ ਹਨ। ਮਾਰਕ ਮਿਲਰ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਇਸ ਮੁੱਦੇ ਨੂੰ ਵਪਾਰਕ ਵਿਵਾਦਾਂ ਨਾਲ ਨਹੀਂ ਜੋੜਿਆ ਜਾ ਸਕਦਾ। ਉਨ੍ਹਾਂ ਅਨੁਸਾਰ, ਸੋਸ਼ਲ ਮੀਡੀਆ ਨਾਲ ਜੁੜੇ ਮਾਨਸਿਕ ਸਿਹਤ, ਸਾਇਬਰ ਬੁਲਿੰਗ ਅਤੇ ਹੋਰ ਖ਼ਤਰਿਆਂ ਨੂੰ ਦੇਖਦੇ ਹੋਏ ਸਖ਼ਤ ਕਦਮ ਚੁੱਕਣੇ ਲਾਜ਼ਮੀ ਹਨ। ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਇਸ ਦੀ ਨਿਗਰਾਨੀ ਲਈ ਇੱਕ ਨਵਾਂ ਡਿਜੀਟਲ ਸੁਰੱਖਿਆ ਰੈਗੂਲੇਟਰ ਬਣਾਇਆ ਜਾਵੇਗਾ, ਜਿਸ ਨੂੰ ਪੂਰੀ ਤਰ੍ਹਾਂ ਕਾਰਗਰ ਹੋਣ ਵਿੱਚ ਲਗਭਗ 18 ਮਹੀਨੇ ਲੱਗ ਸਕਦੇ ਹਨ।


## ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਨੇ ਜਨਰਲ ਬਾਡੀ ਦੀ ਮੀਟਿੰਗ ਵਿੱਚ ਸੀਨੀਅਰਜ਼ ਡੇਅ ਮਨਾਇਆ



**ਬਰੈਂਪਟਨ : ਆਪਣਾ ਪੰਜਾਬ ਮੀਡੀਆ :** ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੀ ਮਹੀਨਾਵਾਰ ਜਨਰਲ ਬਾਡੀ ਮੀਟਿੰਗ ਦੌਰਾਨ ਟੈਰੀ ਮਿਲਰ ਰੀਕਰੀਏਸ਼ਨ ਸੈਂਟਰ ਵਿਖੇ ਸੀਨੀਅਰਜ਼ ਡੇਅ ਮਨਾਇਆ ਗਿਆ। ਸਮਾਗਮ ਵਿੱਚ ਬਰੈਂਪਟਨ ਦੀਆਂ ਵੱਖ-ਵੱਖ ਸੀਨੀਅਰਜ਼ ਕਲੱਬਾਂ ਦੇ ਪ੍ਰਧਾਨਾਂ ਅਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਜਨਰਲ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਕਾਰਵਾਈ ਦੀ ਸ਼ੁਰੂਆਤ ਕਰਦਿਆਂ ਮਹਿਮਾਨਾਂ ਦੀ ਜਾਣ-ਪਛਾਣ ਕਰਵਾਈ, ਜਦਕਿ ਭੁਪਿੰਦਰ ਸਿੰਘ ਸੋਹੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਮੁੱਖ ਬੁਲਾਰੇ ਬਲਬੀਰ ਸੋਹੀ ਨੇ ਸੀਨੀਅਰਜ਼ ਨੂੰ ਅਨੁਸ਼ਾਸਨ, ਸਹੀ ਪਹਿਰਾਵੇ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਰਹਿਣ ਦਾ ਸੰਦੇਸ਼ ਦਿੱਤਾ। ਮਹਿੰਦਰ ਮੋਹੀ, ਹਰਚੰਦ ਸਿੰਘ ਬਾਸੀ, ਲਾਲ ਸਿੰਘ ਬਰਾੜ, ਗਿਆਨ ਸਿੰਘ ਅਤੇ ਸੁਖਦੇਵ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਸੀਨੀਅਰਜ਼ ਨੂੰ ਸਰਗਰਮ ਜੀਵਨ ਜਿਊਣ, ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਅਤੇ ਸੱਭਿਅਕ ਕਦਰਾਂ-ਕੀਮਤਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਕਲੱਬ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਨੇ ਸਿਟੀ ਕੌਂਸਲ ਵੱਲੋਂ ਮਿਲੇ 'ਸੀਨੀਅਰ ਸਿਟੀਜ਼ਨ ਆਫ਼ ਦ ਯੀਅਰ' ਅਵਾਰਡ ਨੂੰ ਬਰੈਂਪਟਨ ਦੇ ਸਮੂਹ ਸੀਨੀਅਰਜ਼ ਦੀ ਪ੍ਰਾਪਤੀ ਦੱਸਦਿਆਂ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ। ਅਖੀਰ ਵਿੱਚ ਭੁਪਿੰਦਰ ਸਿੰਘ ਸੋਹੀ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਹਾਜ਼ਰੀਨਾਂ ਦਾ ਧੰਨਵਾਦ ਕੀਤਾ।

## ਕੈਨੇਡਾ ਨੇ ਫੀਫਾ ਵਰਲਡ ਕੱਪ ਦਾ ਪਹਿਲਾ ਮੈਚ ਕੀਤਾ ਡਰਾਅ, ਹੁਣ ਨਜ਼ਰਾਂ ਜਿੱਤ ਵੱਲ

**ਟੋਰਾਂਟੋ : ਆਪਣਾ ਪੰਜਾਬ ਮੀਡੀਆ :** ਫੀਫਾ ਵਰਲਡ ਕੱਪ ਵਿੱਚ ਕੈਨੇਡਾ ਨੇ ਬੋਸਨੀਆ-ਹਰਜ਼ੇਗੋਵੀਨਾ ਖ਼ਿਲਾਫ਼ ਆਪਣੇ ਪਹਿਲੇ ਮੈਚ ਵਿੱਚ 1-1 ਨਾਲ ਡਰਾਅ ਖੇਡ ਕੇ ਇੱਕ ਅੰਕ ਹਾਸਲ ਕੀਤਾ ਹੈ। ਹੁਣ ਟੀਮ ਦਾ ਅਗਲਾ ਮਕਸਦ ਟੂਰਨਾਮੈਂਟ ਦੀ ਪਹਿਲੀ ਜਿੱਤ ਦਰਜ ਕਰਨਾ ਹੈ, ਜੋ ਕੈਨੇਡੀਅਨ ਫੁੱਟਬਾਲ ਇਤਿਹਾਸ ਲਈ ਮਹੱਤਵਪੂਰਨ ਹੋਵੇਗੀ। ਕੈਨੇਡਾ ਵੱਲੋਂ ਸਟ੍ਰਾਈਕਰ ਕਾਇਲ ਲਾਰਿਨ ਨੇ 78ਵੇਂ ਮਿੰਟ ਵਿੱਚ ਗੋਲ ਕਰਕੇ ਮੈਚ ਨੂੰ ਬਰਾਬਰੀ 'ਤੇ ਲਿਆਂਦਾ, ਜਿਸ ਨਾਲ ਟੋਰਾਂਟੋ ਸਟੇਡੀਅਮ ਵਿੱਚ ਮੌਜੂਦ 43,000 ਤੋਂ ਵੱਧ ਦਰਸ਼ਕਾਂ ਵਿੱਚ ਜੋਸ਼ ਦੀ ਲਹਿਰ ਦੌੜ ਗਈ। ਬੋਸਨੀਆ ਨੇ 21ਵੇਂ ਮਿੰਟ ਵਿੱਚ ਜੋਵੋ



ਲਿਊਕਿਕ ਦੇ ਹੈਡਰ ਗੋਲ ਨਾਲ ਲੀਡ ਬਣਾਈ ਸੀ। ਮੈਚ ਦੌਰਾਨ ਕੈਨੇਡਾ ਦੀ ਟੀਮ ਨੇ ਸ਼ੁਰੂਆਤੀ ਹਿੱਸੇ ਵਿੱਚ ਕੁਝ ਘਬਰਾਹਟ ਦਿਖਾਈ, ਹਾਲਾਂਕਿ ਦੂਜੇ ਹਾਫ ਵਿੱਚ ਟੀਮ ਦੀ ਗਤੀ ਅਤੇ ਹਮਲਾਵਰ ਖੇਡ ਵਿੱਚ ਸੁਧਾਰ ਆਇਆ। ਕੋਚ ਜੈਸੇ ਮਾਰਸ਼ ਵੱਲੋਂ ਕੀਤੀਆਂ ਤਬਦੀਲੀਆਂ ਨੇ ਖੇਡ 'ਤੇ ਸਕਾਰਾਤਮਕ ਅਸਰ ਪਾਇਆ। ਕੈਨੇਡਾ ਦਾ ਅਗਲਾ ਮੁਕਾਬਲਾ ਕਤਰ ਨਾਲ ਹੋਵੇਗਾ, ਜਿਸ ਤੋਂ ਬਾਅਦ ਸਵਿਟਜ਼ਰਲੈਂਡ ਖ਼ਿਲਾਫ਼ ਮਹੱਤਵਪੂਰਨ ਮੈਚ ਖੇਡਿਆ ਜਾਵੇਗਾ। ਟੀਮ ਇਸ ਵੇਲੇ ਗਰੁੱਪ ਬੀ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਟਾਰ ਖਿਡਾਰੀ ਅਲਫਾਂਸੋ ਡੇਵੀਜ਼ ਦੀ ਸੱਟ ਕਾਰਨ ਗੈਰਹਾਜ਼ਰੀ ਟੀਮ ਲਈ ਚਿੰਤਾ ਦਾ ਵਿਸ਼ਾ ਹੈ, ਹਾਲਾਂਕਿ ਕੋਚ ਨੇ ਕਿਹਾ ਹੈ ਕਿ ਟੀਮ ਅੱਗੇ ਵਧ ਰਹੀ ਹੈ ਅਤੇ ਅਗਲੇ ਮੈਚਾਂ ਲਈ ਤਿਆਰ ਹੈ। ਕੈਨੇਡਾ ਨੇ ਅਜੇ ਤੱਕ ਫੀਫਾ ਵਰਲਡ ਕੱਪ ਵਿੱਚ ਜਿੱਤ ਦਰਜ ਨਹੀਂ ਕੀਤੀ, ਅਤੇ ਇਹ ਮੌਕਾ ਟੀਮ ਲਈ ਇਤਿਹਾਸ ਰਚਣ ਦਾ ਹੋ ਸਕਦਾ ਹੈ।

BJ DIGITAL PHOTO & VIDEO
NEWYORK USA
646-403-7334
116-12 101 Ave, South Richmond Hill, NY 11419
A COMPLETE SOLUTION OF 4K & FULL HD VIDEOS & DIGITAL PHOTOS
718-441-6516
OUR SERVICES
Wedding Photography
Ring Ceremony
Birthday Photography
ALL Other Function
Sweet Sixteen
Kids Photography

bj_video@yahoo.com
www.bjphotography.com


Copyright: Apna Punjab Media 2025-26



ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com




# ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੀਆਂ ਚੋਣਾਂ ਦਾ ਐਲਾਨ

## 26 ਜੁਲਾਈ 2026 ਦਿਨ ਐਤਵਾਰ ਨੂੰ ਹੋਵੇਗੀ ਵੋਟਿੰਗ



### ਆਪਣਾ ਪੰਜਾਬ ਮੀਡੀਆ ਦੇ ਗੁਰਮੀਤ ਸਿੰਘ ਨਾਲ ਇਲੈਕਸ਼ਨ ਕਮਿਸ਼ਨ ਦੀ ਹੋਈ ਵਿਸ਼ੇਸ਼ ਗੱਲਬਾਤ








ਨਿਊਯਾਰਕ/ਰਿਚਮੰਡ ਹਿੱਲ : ਆਪਣਾ ਪੰਜਾਬ ਮੀਡੀਆ : ਅਮਰੀਕਾ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਧਾਰਮਿਕ ਸੰਸਥਾ ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ (ਦਿ ਸਿੱਖ ਕਲਚਰਲ ਸੁਸਾਇਟੀ ਇੰਕ. ਰਿਚਮੰਡ ਹਿੱਲ, ਨਿਊਯਾਰਕ) ਵੱਲੋਂ ਸਾਲ 2026 ਲਈ ਕਾਰਜਕਾਰੀ ਕਮੇਟੀ, ਬੋਰਡ ਆਫ ਟਰੱਸਟੀਜ਼ ਅਤੇ ਚੋਣ ਕਮਿਸ਼ਨ ਦੀਆਂ ਚੋਣਾਂ ਦਾ ਅਧਿਕਾਰਤ ਐਲਾਨ ਕਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਨੋਟਿਸ ਅਨੁਸਾਰ ਚੋਣ ਪ੍ਰਕਿਰਿਆ 26 ਜੁਲਾਈ 2026 ਨੂੰ ਗੁਰਦੁਆਰਾ ਸਾਹਿਬ, 95-30, 118ਵੀਂ ਸਟ੍ਰੀਟ, ਰਿਚਮੰਡ ਹਿੱਲ ਵਿਖੇ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਈ ਜਾਵੇਗੀ।

ਜਾਰੀ ਨੋਟਿਸ ਮੁਤਾਬਕ ਪ੍ਰਧਾਨ, ਜਨਰਲ ਸਕੱਤਰ, ਖਜ਼ਾਨਚੀ, ਉਪ ਪ੍ਰਧਾਨ, ਸਹਾਇਕ ਸਕੱਤਰ, ਸਹਾਇਕ ਖਜ਼ਾਨਚੀ, ਲੰਗਰ ਕਮੇਟੀ ਦੇ ਚੇਅਰਮੈਨ ਅਤੇ ਸਹਾਇਕ ਚੇਅਰਮੈਨ, ਸਿੱਖਿਆ, ਮਨੋਰੰਜਨ ਤੇ ਲਾਇਬ੍ਰੇਰੀ ਕਮੇਟੀ ਦੇ ਚੇਅਰਮੈਨ, ਪ੍ਰਾਪਰਟੀ ਮੇਨਟੀਨੈਂਸ ਕਮੇਟੀ ਦੇ ਚੇਅਰਮੈਨ ਅਤੇ ਪਬਲਿਕ ਤੇ ਮੀਡੀਆ ਰਿਲੇਸ਼ਨਜ਼ ਕਮੇਟੀ ਦੇ ਚੇਅਰਮੈਨ ਸਮੇਤ ਕਈ ਅਹੁਦਿਆਂ ਲਈ ਚੋਣ ਹੋਵੇਗੀ। ਚੁਣੇ ਜਾਣ ਵਾਲੇ ਅਹੁਦੇਦਾਰਾਂ ਦਾ ਕਾਰਜਕਾਲ ਪੂਰਾ ਟਰਮ ਹੋਵੇਗਾ।



ੴ ਵਾਹਿਗੁਰੂ ਜੀ ਕੀ ਫਤਹਿ ॥

THE SIKH CULTURAL SOCIETY, INC.

THE SIKH CULTURAL SOCIETY INC.
TREAT MANKIND AS ONE

95-30 118th Street, Richmond Hill, New York - 11419

5/18/2026

NOTICE OF ELECTION

To All members in good standing of The Sikh Cultural Society Inc.
SUBJECT: 2026 Elections for the entire executive Committee, Board of Trustees and the Election Commission.
DATE OF ELECTION: Sunday, July 26 2026. (7 am to 5 pm)
PLACE: Gurudwara Sahib, 95-30 118th Street, Richmond Hill, NY 11419
DATE OF NOTICE: May 18, 2026
POSITIONS TO BE VOTED UPON AS FOLLOW:

**Executive Officers to Be Elected**: President, General Secretary, Treasurer, Vice President, Assistant Secretary, Assistant Treasurer, Chairman and Assistant Chairman of Langar Committee, Chairman of Committee for Education, Recreation & Library, Chairman of Property Maintenance Committee and Chairman of Committee on Public & Media Relations.

**Term of Office**: Full Term
**Election Commission/Election Commissioners**: Three Election Commissioners, for a term of two years.
**Board Of Trustees**: Eighteen members to serve on the board of trustees.
LAST DATE TO SUBMIT NOMINATIONS: Monday, July 6, 2026 by 5:00 PM.
LAST DATE TO WITHDRAW NOMINATIONS: Thursday, July 09 by 12:00 PM Noon
LIST OF CANDIDATES: To be displayed on the Notice Board of The Sikh Cultural Society Inc, on Saturday, July 11 2026 by 5 PM
**GENERAL BODY MEETING** will be held on Saturday, July 11 at Gurudwara Sahib from 4:00-5:30 PM, The agenda for the general body meeting shall be as follows:

- Report of the President.
- Presentation of the audited Financial Reports from the year 2025 until June 2026
- At the discretion of Sangat (congregation), other topics may be debated.

Didar Singh
Election Commissioner Chairman

Harbans Singh Dhillon
Election Commissioner Spokesman

Harinder Singh
Election Commissioner

THE SIKH CULTURAL SOCIETY I
95-30 118TH STREET
RICHMOND HILL, N.Y. 11419

cc: President, Jatinder Singh Boparai
cc: Chairman, Board of Trust, Sikh Cultural Society, Joginder Singh
cc: Treasurer Buta Singh

Tel : (718) 846-3333, Fax: (718) 441-7305
Email: sikhculturalsociety@verizon.net, website: www.gurudwarascsny.com

ਚੋਣ ਕਮਿਸ਼ਨ ਵੱਲੋਂ ਦੱਸਿਆ ਗਿਆ ਹੈ ਕਿ ਨਾਮਜ਼ਦਗੀਆਂ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 6 ਜੁਲਾਈ 2026 ਸ਼ਾਮ 5 ਵਜੇ ਤੱਕ ਨਿਰਧਾਰਤ ਕੀਤੀ ਗਈ ਹੈ, ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖ਼ਰੀ ਮਿਤੀ 9 ਜੁਲਾਈ 2026 ਦੁਪਹਿਰ 12 ਵਜੇ ਹੋਵੇਗੀ। ਉਮੀਦਵਾਰਾਂ ਦੀ ਅੰਤਿਮ ਸੂਚੀ 11 ਜੁਲਾਈ 2026 ਨੂੰ ਨੋਟਿਸ ਬੋਰਡ 'ਤੇ ਜਾਰੀ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਸੁਸਾਇਟੀ ਦੀ ਜਨਰਲ ਬਾਡੀ ਮੀਟਿੰਗ ਵੀ 11 ਜੁਲਾਈ 2026 ਨੂੰ ਗੁਰਦੁਆਰਾ ਸਾਹਿਬ ਵਿਖੇ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ ਹੋਵੇਗੀ। ਮੀਟਿੰਗ ਦੌਰਾਨ ਪ੍ਰਧਾਨ ਦੀ ਰਿਪੋਰਟ, ਸਾਲ 2025 ਤੋਂ ਜੂਨ 2026 ਤੱਕ ਦੇ ਆਡਿਟ ਕੀਤੇ ਵਿੱਤੀ ਹਿਸਾਬ-ਕਿਤਾਬ ਪੇਸ਼ ਕੀਤੇ ਜਾਣਗੇ ਅਤੇ ਸੰਗਤ ਦੀ ਰਾਇ ਅਨੁਸਾਰ ਹੋਰ ਮਹੱਤਵਪੂਰਨ ਮਸਲਿਆਂ 'ਤੇ ਵੀ ਚਰਚਾ ਕੀਤੀ ਜਾਵੇਗੀ।

ਇਸ ਚੋਣ ਨੋਟਿਸ 'ਤੇ ਚੋਣ ਕਮਿਸ਼ਨ ਦੇ ਇਲੈਕਸ਼ਨ ਕਮਿਸ਼ਨਰ ਚੇਅਰਮੈਨ ਦੀਦਾਰ ਸਿੰਘ, ਇਲੈਕਸ਼ਨ ਕਮਿਸ਼ਨਰ ਸਪੋਕਸਮੈਨ ਹਰਬੰਸ ਸਿੰਘ ਢਿੱਲੋਂ ਅਤੇ ਇਲੈਕਸ਼ਨ ਕਮਿਸ਼ਨਰ ਹਰਿੰਦਰ ਸਿੰਘ ਦੇ ਦਸਤਖ਼ਤ ਹਨ। ਸੁਸਾਇਟੀ ਵੱਲੋਂ ਸਮੂਹ ਮੈਂਬਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਸਰਗਰਮ ਹਿੱਸਾ ਲੈਣ ਅਤੇ ਲੋਕਤਾਂਤਰਿਕ ਢੰਗ ਨਾਲ ਆਪਣੀ ਨੁਮਾਇੰਦਗੀ ਚੁਣਨ ਦੀ ਅਪੀਲ ਕੀਤੀ ਗਈ ਹੈ।

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1939 | MONDAY JUNE 15, 2026



BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.

ਹੁਣੇ ਹੁਣੇ

# ਦੇਸ਼ ਦੀਆਂ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਰਾਹੁਲ ਗਾਂਧੀ: ਨਿਰਮਲਾ ਸੀਤਾਰਾਮਨ



ਬੰਗਲੁਰੂ:ਆਪਣਾ ਪੰਜਾਬ ਮੀਡੀਆ: Nirmala Sitharaman ਨੇ ਕਾਂਗਰਸ ਆਗੂ Rahul Gandhi 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ Narendra Modi ਅਤੇ ਕੇਂਦਰ ਸਰਕਾਰ ਦੀ ਆਲੋਚਨਾ ਲਈ ਦੇਸ਼ ਅਤੇ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

'ਵਿਕਸਿਤ ਭਾਰਤ ਸੰਕਲਪ ਸਮਾਵੇਸ਼' ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵਾਰ-ਵਾਰ ਦੇਸ਼ ਵਿੱਚ ਸੰਕਟ ਦਾ ਮਾਹੌਲ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਜਦਕਿ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਅਰਥਵਿਵਸਥਾਵਾਂ ਵਿੱਚ ਸ਼ਾਮਲ ਹੈ। ਸੀਤਾਰਾਮਨ ਨੇ ਦਾਅਵਾ ਕੀਤਾ ਕਿ ਵਿਸ਼ਵ ਪੱਧਰੀ ਚੁਣੌਤੀਆਂ ਦੇ ਬਾਵਜੂਦ ਭਾਰਤ ਨੇ ਈਂਧਣ ਅਤੇ ਜ਼ਰੂਰੀ ਸਪਲਾਈ ਨੂੰ ਬਿਨਾਂ ਰੁਕਾਵਟ ਜਾਰੀ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਪਿਛਲੇ 12 ਸਾਲਾਂ ਵਿੱਚ 25 ਕਰੋੜ ਲੋਕ ਗਰੀਬੀ ਤੋਂ ਬਾਹਰ ਆਏ ਹਨ, 12 ਕਰੋੜ ਤੋਂ ਵੱਧ ਪਖਾਨੇ ਬਣੇ ਹਨ ਅਤੇ ਡਿਜੀਟਲ ਢਾਂਚੇ ਨੂੰ ਮਜ਼ਬੂਤੀ ਮਿਲੀ ਹੈ। ਉਨ੍ਹਾਂ ਸਭ ਨੂੰ 'ਵਿਕਸਿਤ ਭਾਰਤ' ਦੇ ਟੀਚੇ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਵੀ ਦਿੱਤਾ।

# ਪੰਜਾਬ ਸਰਕਾਰ ਲੋਕ ਮੁੱਦਿਆਂ ਤੋਂ ਭਟਕੀ, ਸਿਰਫ਼ ਪ੍ਰਚਾਰ 'ਚ ਰੁੱਝੀ: CM ਨਾਇਬ ਸੈਣੀ



ਲੁਧਿਆਣਾ:ਆਪਣਾ ਪੰਜਾਬਮੀਡੀਆ:ਹਰਿਆਣਾ ਦੇ ਮੁੱਖ ਮੰਤਰੀ Nayab Singh Saini ਨੇ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਲੋਕ ਹਿੱਤਾਂ ਦੀ ਬਜਾਏ ਸਿਆਸੀ ਪ੍ਰਚਾਰ ਵਿੱਚ ਜ਼ਿਆਦਾ ਰੁੱਝੀ ਹੋਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ, ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ ਅਤੇ ਵਿਕਾਸ ਕਾਰਜਾਂ ਦੀ ਮੱਠੀ ਰਫ਼ਤਾਰ ਚਿੰਤਾ ਦਾ ਵਿਸ਼ਾ ਹਨ। ਸੈਣੀ ਨੇ ਦੋਸ਼ ਲਗਾਇਆ ਕਿ ਲੋਕਾਂ ਨੇ ਜਿਨ੍ਹਾਂ ਉਮੀਦਾਂ ਨਾਲ ਮੌਜੂਦਾ ਸਰਕਾਰ ਨੂੰ ਸੱਤਾ ਸੌਂਪੀ ਸੀ, ਉਹ ਉਨ੍ਹਾਂ 'ਤੇ ਖਰੀ ਨਹੀਂ ਉਤਰੀ ਅਤੇ ਕਈ ਵਾਅਦੇ ਅਜੇ ਵੀ ਅਧੂਰੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਨੌਜਵਾਨਾਂ ਵਿੱਚ ਵਧ ਰਹੀ ਨਿਰਾਸ਼ਾ ਸਰਕਾਰ ਦੀਆਂ ਨੀਤੀਆਂ ਦੀ ਨਾਕਾਮੀ ਦਰਸਾਉਂਦੀ ਹੈ। ਸੈਣੀ ਨੇ ਕਿਹਾ ਕਿ ਪੰਜਾਬ ਨੂੰ ਵਿਕਾਸ, ਸੁਸ਼ਾਸਨ ਅਤੇ ਪਾਰਦਰਸ਼ੀ ਲੀਡਰਸ਼ਿਪ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ Narendra Modi ਦੀ ਅਗਵਾਈ ਹੇਠ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਲਈ ਪੂਰਾ ਸਹਿਯੋਗ ਦੇ ਰਹੀ ਹੈ।

## ਵੋਟਰ ਸੂਚੀਆਂ ਦੀ ਸੁਧਾਈ ਲਈ ਵਿਸ਼ੇਸ਼ ਮੁਹਿੰਮ ਅੱਜ ਤੋਂ; ਘਰ-ਘਰ ਜਾ ਕੇ ਵੋਟਰਾਂ ਦੀ ਵੈਰੀਫਿਕੇਸ਼ਨ ਕਰਨਗੇ ਬੀਐੱਲਓਜ਼



ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ: ਭਾਰਤੀ ਚੋਣ ਕਮਿਸ਼ਨ ਵੱਲੋਂ ਦੇਸ਼ ਭਰ ਵਿੱਚ ਇੱਕ ਸਾਫ਼-ਸੁਥਰੀ, ਸਹੀ ਅਤੇ ਨੁਕਸ ਰਹਿਤ ਵੋਟਰ ਸੂਚੀ ਤਿਆਰ ਕਰਨ ਦੇ ਮਕਸਦ ਨਾਲ 'ਵਿਸ਼ੇਸ਼ ਸੁਧਾਈ' (SIR)-2026 ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਕਰਨਾਲ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਆਨੰਦ ਕੁਮਾਰ ਸ਼ਰਮਾ ਨੇ ਐਤਵਾਰ ਨੂੰ ਮਿਨੀ ਸਕੱਤਰੇਤ ਵਿਖੇ ਚੋਣ ਅਮਲੇ ਨਾਲ ਮੀਟਿੰਗ ਕਰਦਿਆਂ ਦੱਸਿਆ ਕਿ ਇਸ ਮੁਹਿੰਮ ਤਹਿਤ 15 ਜੂਨ ਤੋਂ 14 ਜੁਲਾਈ ਤੱਕ ਬੂਥ ਲੈਵਲ ਅਫ਼ਸਰ (BLOs) ਘਰ-ਘਰ ਜਾ ਕੇ ਵੋਟਰਾਂ ਦੀ ਪੜਤਾਲ ਕਰਨਗੇ। ਡਾ. ਸ਼ਰਮਾ ਨੇ ਸਪੱਸ਼ਟ ਕੀਤਾ ਕਿ ਇਸ ਵੈਰੀਫਿਕੇਸ਼ਨ ਪ੍ਰਕਿਰਿਆ ਦੌਰਾਨ ਕਿਸੇ ਵੀ ਅਸਲ ਜਾਂ ਯੋਗ ਵੋਟਰ ਦਾ ਨਾਮ ਸੂਚੀ ਵਿੱਚੋਂ ਨਹੀਂ ਕੱਟਿਆ ਜਾਵੇਗਾ। ਮੁਹਿੰਮ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਯੋਗ ਨਾਗਰਿਕ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ, ਜਦੋਂ ਕਿ ਅਯੋਗ ਜਾਂ ਮੌਤ ਹੋ ਚੁੱਕੇ ਵੋਟਰਾਂ ਦੇ ਨਾਮ ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਸੂਚੀ ਵਿੱਚੋਂ ਹਟਾਏ ਜਾਣਗੇ।

# Diesel consumption limits: ਡੀਜ਼ਲ ਦੀ ਸੀਮਤ ਖਰੀਦ ਤੋਂ ਹਸਪਤਾਲ ਤੇ ਆਈ ਟੀ ਪਾਰਕ ਫ਼ਿਕਰਮੰਦ

## ਸਬੰਧਤ ਧਿਰਾਂ ਨੇ ਜ਼ਰੂਰੀ ਸੇਵਾਵਾਂ ਲਈ ਪਾਬੰਦੀਆਂ 'ਚ ਛੋਟ ਮੰਗੀ

ਨਵੀਂ ਦਿੱਲੀ :ਆਪਣਾ ਪੰਜਾਬ ਮੀਡੀਆ: ਸਰਕਾਰ ਵੱਲੋਂ ਡੀਜ਼ਲ ਦੀ ਖਰੀਦ 'ਤੇ ਲਗਾਈਆਂ ਨਵੀਆਂ ਪਾਬੰਦੀਆਂ ਕਾਰਨ ਹਸਪਤਾਲਾਂ, ਆਈਟੀ ਪਾਰਕਾਂ, ਡੇਟਾ ਸੈਂਟਰਾਂ ਅਤੇ ਉਦਯੋਗਿਕ ਇਕਾਈਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਸਰਕਾਰ ਨੇ ਇੱਕ ਵਾਹਨ ਲਈ ਪ੍ਰਤੀ ਦਿਨ 200 ਲਿਟਰ ਡੀਜ਼ਲ ਦੀ ਸੀਮਾ ਨਿਰਧਾਰਤ ਕੀਤੀ ਹੈ ਅਤੇ ਵਪਾਰਕ ਤੇ ਸੰਸਥਾਗਤ ਖਪਤਕਾਰਾਂ ਦੀ ਪੈਟਰੋਲ ਪੰਪਾਂ ਤੋਂ ਸਿੱਧੀ ਖਰੀਦ 'ਤੇ ਰੋਕ ਲਗਾਈ ਹੈ।

ਇਹ ਪਾਬੰਦੀਆਂ 90 ਦਿਨਾਂ ਲਈ ਲਾਗੂ ਰਹਿਣਗੀਆਂ। ਸਬੰਧਤ ਧਿਰਾਂ ਨੇ ਜ਼ਰੂਰੀ ਸੇਵਾਵਾਂ ਲਈ ਛੋਟ ਅਤੇ ਨਿਯਮਾਂ ਬਾਰੇ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ। ਹਸਪਤਾਲਾਂ ਦਾ ਕਹਿਣਾ ਹੈ ਕਿ ਐਮਰਜੈਂਸੀ ਸੇਵਾਵਾਂ, ਸਰਜਰੀਆਂ ਅਤੇ ਆਈਸੀਯੂ ਲਈ ਡੀਜ਼ਲ ਜਨਰੇਟਰ ਬਹੁਤ ਜ਼ਰੂਰੀ ਹਨ ਅਤੇ ਨਿਰਵਿਘਨ ਬਿਜਲੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।



ਉਦਯੋਗਿਕ ਖੇਤਰ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਇਸ ਫ਼ੈਸਲੇ ਨਾਲ ਸੰਚਾਲਨ ਪ੍ਰਭਾਵਿਤ ਹੋ ਸਕਦਾ ਹੈ ਅਤੇ ਲਾਗਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1939 | MONDAY JUNE 15, 2026





Indian PASSPORT & VISA SERVICE

# PASSPORT VISA & IMMIGRATION ASSISTANCE

OUR BEST SERVICE

## Immigration Form Fill Out

- Citizenship Application
- Relative Petition
- Re-Entry Permit
- Affidavit of Support
- Adjustment of Status
- Visa Extension
- Advance Parole
- Condition Removal
- Work Authorization
- Travel document, etc

## Travel/ Flight Tickets

- All Domestic & International Ticketing

## Passport- Visa

- Passport Renewal
- OCI
- Sponsership
- UK Visa
- China Visa
- Visa
- Renunciation
- USA Passport
- Scahenegen Visa
- Pakistan Visa
- Guyana Passport
- Renewal
- Renunciation
- USA Passport
- Scahenegen Visa
- Pakistan Visa
- Guyana Passport
- Renewal

## Miscellaneous Service

- Translation Services: Punjabi to English, Hindi & Hindi , English to Punjabi
- Power of Attorney
- Pan Card

## Tax & Accounting, E Filing, Corporate Taxes

- E-Filing
- Individual Income Tax of all U.S States
- Current Year & All prior Years Tax Returns
- Self Employed Taxes
- Business Tax, Corporate Tax, Sales Tax
- Employee payroll & Book Keeping Services

More info : 347 956 0721 917 396 8699

info@indianpassportcenter.com www.indianpassportcenter.com

97-28 Lefferts Blvd South Richmond Hill NY 11419

 Copyright: Apna Punjab Media 2025-26 Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
VOL XVIII, ISSUE 1939 | MONDAY JUNE 15, 2026
NEW YORK


**ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।**

ਵੱਲੋਂ ਗੁਰਮੀਤ ਸਿੰਘ ਚੀਫ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ


ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 71

# ਸਿਖੀ ਸਿਖਿਆ ਗੁਰ ਵੀਚਾਰਿ

ਸਿੱਖ ਉਹ ਹੈ ਜਿਸ ਦੇ ਅੰਦਰ ਸਿੱਖੀ ਹੈ। ਸਿੱਖੀ ਉਸ ਦੇ ਅੰਦਰ ਹੈ ਜਿਸ ਪਾਸ ਗੁਰ ਦੀ ਸਿੱਖਿਆ ਹੈ। ਗੁਰ ਦੀ ਸਿੱਖਿਆ ਉਸ ਕੋਲ ਹੈ ਜਿਸ ਕੋਲ ਗੁਰੂ ਦੀ ਵੀਚਾਰ ਹੈ ਭਾਵ ਜਿਸ ਦੇ ਪਾਸ ਗੁਰੂ ਦੀ ਮੱਤ ਹੈ, ਜੋ ਗੁਰਮਤਿ ਦਾ ਧਾਰਨੀ ਹੈ ਗੁਰਬਾਣੀ ਦਾ ਫੁਰਮਾਨ ਹੈ ਕਿ ਪੜਨ ਲਿਖਣ ਵੀਚਾਰਨ ਅਤੇ ਪੂਜਾ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਸਤਿਗੁਰ ਜੀ ਦੀ ਆਗਿਆ ਨੂੰ ਸਤ ਕਰਕੇ ਮੰਨਿਆ ਅਤੇ ਕਮਾਇਆ ਹੈ :-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥ (ਅੰਗ ੬੬੯ )

ਗੁਰਬਾਣੀ ਦਾ ਬਚਨ ਹੈ ਕਿ ਭਾਵੇਂ ਸਾਰੀ ਉਮਰ ਧਾਰਮਿਕ ਪੁਸਤਕਾਂ ਪੜ੍ਹਦੇ ਰਹੀਏ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਲਈਏ ਪਰ ਜੇ ਅਮਲ ਨਹੀਂ ਕੀਤਾ ਤਾਂ ਸਭ ਕੁਝ ਵਿਅਰਥ :-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ)
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਅੰਗ ੫੯੪)

ਗੁਰਬਾਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸਾਨੂੰ ਮਨ ਨੂੰ ਠੋਕਰ ਮਾਰਨ ਲਈ ਅੰਮ੍ਰਿਤ ਬੋਲ ਹਨ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਸਕਦਾ। ਅੱਗ ਅੱਗ ਕਹਿਣ ਨਾਲ ਠੰਡ ਨਹੀਂ ਰੁਕ ਸਕਦੀ। ਵੈਦ ਵੈਦ ਕਹਿਣ ਨਾਲ ਰੋਗ ਨਹੀਂ ਮੁੱਕਣਾ। ਧਨ ਧਨ ਕਹਿਣ ਨਾਲ ਅਮੀਰ ਨਹੀਂ ਬਣ ਜਾਈਦਾ। ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ ਨਹੀਂ ਬਣਦੀ ਇਥੇ ਤਾਂ ਕਰਨੀ ਪ੍ਰਧਾਨ ਹੈ :-

ਖਾਂਡ ਖਾਂਡ ਕਹੈ ਜਿਹਬ ਨਾਂ ਸੁਆਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਨ ਮਿਟਤ ਕਾਹੂੰ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨਾ ਬਿਲਾਸ ਹੈ।
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ
ਚੰਦ ਚੰਦ ਕਹੈ ਉਜੀਆਰੋ ਨਾ ਪਰਗਾਸ ਹੈ।
ਤੈਸੇ ਗਿਆਨ ਗੋਸ਼ਟ ਕਰਤ ਨ ਰਹਿਤ
ਆਵੈ ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ।

ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ

ਪ੍ਰਫੁਤ ਪਬਕਿ ਤਿਹ ਮਾਰਗ ਨਾ ਧਰੈ ਪਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥

ਭਾਵੇਂ ਸਾਡੇ ਪਾਸ ਗੁਰਮਤਿ ਮਰਯਾਦਾ ਅਤੇ ਕਰਣੀ ਨਹੀਂ, ਅਸੀਂ ਗੁਰ ਉਪਦੇਸ਼ ਕਮਾਵਣ ਵਲੋਂ ਕੋਰੇ ਹਾਂ, ਪਰ ਫਿਰ ਵੀ ਸਮਝਦੇ ਆਪਣੇ ਆਪ ਨੂੰ ਸਿੱਖ ਹਾਂ। ਨਹੀਂ ਭਾਈ! ਸਿੱਖੀ ਸਿਖਿਆ ਗੁਰ ਵੀਚਾਰਿ ਦਾ ਧਾਰਨੀ ਬਣਨਾ ਪਵੇਗਾ ਤਾਂ ਹੀ ਸਿੱਖ ਅਖਵਾਣ ਕੇ ਹੱਕਦਾਰ ਹੋਵਾਂਗੇ।

ਚਲਦਾ...


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1939 | MONDAY JUNE 15, 2026



STI CONSULTANTS
COMMERCIAL FINANCE

# COMMERCIAL MORTGAGE FINANCING

SIZE:$500,000 TO $500 MILLION

**RAVI CHOPRA**
**CEO STI CONSULTANTS**
OFFICE:718-886-8517 | CELL:917-705-7708
RAVI@STICONSULTANTS.COM





**SPECIALIZE IN**

HOTELS | MOTELS | CONSTRUCTION LOANS | GAS STATIONS
OFFICE | BUILDINGS | MIX USE PROPERTIES | CHURCH LOAN
HARD MONEY LOAN | APARTMENT BUILDINGS | BUSINESS LINE OF CREDIT

**All Kinds of Commercial Financing All Over USA**

**OFFICES:**
43-39 2nd Floor Main Street, Flushing, NY, 11355
508 HUMBOLDT STREET, BROOKLYN NY 11222
NEW JERSEY - CHICAGO


Copyright: Apna Punjab Media 2025-26



Founder & Chief Editor : Gurmit Singh

1 516 989 8001 | 1 631 835 8000

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE :

NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

23 VOL XVIII, ISSUE 1939 | MONDAY JUNE 15, 2026

UNITED STATES



# NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

# MATRIMONIAL



Sikh, Male, 52 (07 Oct 1972), 5'8" (approx), well-settled, based in USA (Virginia), seeking a suitable match. Educated (Master's Degree), working professional with an annual income of $130,000. Belongs to a respectable Sikh family from Amritsar. Non-Manglik, divorced. Looking for a well-educated, cultured Sikh girl with family values. Preference for someone willing to settle abroad.

**Currently residing at:** Woodbridge, Virginia, USA

**Contact: +1 202-390-5036**

# NAME CHANGE

I, Sonu, son of Hisam Singh, residing at V.P.O. Pabnawa, Tehsil Dhand, District Kaithal, PIN 136027, Haryana, India, currently residing at 7235 French Rd, Apt-5P, Sacramento, CA 95828, hereby declare that I am changing my name from Sonu to Sonu Singh, effective immediately. All concerned parties are requested to take note of this name change. Sworn and subscribed on this 20th day of April 2026.


# G7 ਸੰਮੇਲਨ ਦੌਰਾਨ ਫਰਾਂਸ ਵਿੱਚ ਮਿਲਣਗੇ ਮੋਦੀ ਤੇ ਟਰੰਪ, ਵਪਾਰਕ ਸਮਝੌਤੇ 'ਤੇ ਹੋ ਸਕਦੀ ਹੈ ਚਰਚਾ

**ਵਾਸ਼ਿੰਗਟਨ/ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਫਰਾਂਸ ਵਿੱਚ ਹੋਣ ਵਾਲੇ G7 ਸੰਮੇਲਨ ਦੌਰਾਨ ਮੁਲਾਕਾਤ ਕਰਨਗੇ। ਵ੍ਹਾਈਟ ਹਾਊਸ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ ਦੋਵੇਂ ਆਗੂਆਂ ਵਿਚਾਲੇ ਭਾਰਤ-ਅਮਰੀਕਾ ਵਪਾਰਕ ਸਮਝੌਤੇ ਸਮੇਤ ਕਈ ਅਹਿਮ ਮੁੱਦਿਆਂ 'ਤੇ ਚਰਚਾ ਹੋ ਸਕਦੀ ਹੈ। ਹਾਲਾਂਕਿ ਅਧਿਕਾਰੀਆਂ ਨੇ ਕਿਹਾ ਕਿ ਇਸ ਮੀਟਿੰਗ ਦੌਰਾਨ ਕਿਸੇ ਅੰਤਿਮ ਸਮਝੌਤੇ ਦੀ ਸੰਭਾਵਨਾ ਘੱਟ ਹੈ, ਪਰ ਤਕਨੀਕੀ ਪੱਧਰ 'ਤੇ ਗੱਲਬਾਤ ਅੱਗੇ ਵਧੇਗੀ। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਦੇਸ਼ਾਂ ਵਿਚਕਾਰ ਪਿਛਲੇ ਇੱਕ ਸਾਲ ਤੋਂ ਵਪਾਰਕ ਵਾਰਤਾਵਾਂ ਜਾਰੀ ਹਨ। ਇਸ ਤੋਂ ਪਹਿਲਾਂ ਦੋਵੇਂ ਦੇਸ਼ ਇੱਕ ਸਾਂਝੇ ਫਰੇਮਵਰਕ ਸਮਝੌਤੇ 'ਤੇ ਵੀ ਦਸਤਖ਼ਤ



ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਮੋਦੀ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨਾਲ ਵੀ ਦੋਪੱਖੀ ਮੀਟਿੰਗ ਕਰਨਗੇ। ਇਸ ਦੌਰੇ ਦੌਰਾਨ ਉਹ ਸਲੋਵਾਕੀਆ ਦਾ ਵੀ ਦੌਰਾ ਕਰਨਗੇ, ਜੋ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪਹਿਲੀ ਅਧਿਕਾਰਕ ਯਾਤਰਾ ਹੋਵੇਗੀ।



# ਅਮਰੀਕਾ-ਈਰਾਨ ਸ਼ਾਂਤੀ ਸਮਝੌਤਾ ਪੱਛਮੀ ਏਸ਼ੀਆ ਲਈ ਨਵੀਂ ਉਮੀਦ: ਟਰੰਪ

**ਵਾਸ਼ਿੰਗਟਨ: ਆਪਣਾ ਪੰਜਾਬ ਮੀਡੀਆ:** ਅਮਰੀਕੀ ਰਾਸ਼ਟਰਪਤੀ Donald Trump ਨੇ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਸਮਝੌਤਾ ਪੱਛਮੀ ਏਸ਼ੀਆ ਵਿੱਚ ਸਥਾਈ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਵੱਲ ਇੱਕ ਵੱਡਾ ਕਦਮ ਸਾਬਤ ਹੋਵੇਗਾ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਐਲਾਨ ਕਰਦਿਆਂ ਦਾਅਵਾ ਕੀਤਾ ਕਿ ਕਈ ਦਹਾਕਿਆਂ ਤੋਂ ਚੱਲ ਰਹੇ ਤਣਾਅ ਨੂੰ ਖਤਮ ਕਰਨ ਲਈ ਕਈ ਅਮਰੀਕੀ ਰਾਸ਼ਟਰਪਤੀਆਂ ਨੇ ਕੋਸ਼ਿਸ਼ਾਂ ਕੀਤੀਆਂ, ਪਰ ਇਸ ਮਾਮਲੇ ਵਿੱਚ ਅਹਿਮ ਸਫਲਤਾ ਉਨ੍ਹਾਂ ਦੇ ਕਾਰਜਕਾਲ ਦੌਰਾਨ ਮਿਲੀ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਾਲੇ ਤਿਆਰ ਹੋਏ ਇਸ ਸਮਝੌਤੇ ਦੇ ਅਧਿਕਾਰਕ ਦਸਤਖ਼ਤ ਹੋਣ ਤੋਂ ਬਾਅਦ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰਕ ਰਸਤੇ ਹੋਰਮੁਜ਼ ਜਲਡਮਰੂਮੱਧ (Strait of Hormuz) ਨੂੰ ਮੁੜ ਖੋਲ੍ਹ ਦਿੱਤਾ ਜਾਵੇਗਾ। ਇਸ ਨਾਲ ਖਾੜੀ ਖੇਤਰ ਤੋਂ ਤੇਲ ਅਤੇ ਗੈਸ ਦੀ ਆਵਾਜਾਈ ਆਮ ਹੋਵੇਗੀ ਅਤੇ ਵਿਸ਼ਵ ਬਾਜ਼ਾਰਾਂ ਵਿੱਚ ਊਰਜਾ ਸਪਲਾਈ ਨੂੰ ਵੱਡੀ ਰਾਹਤ ਮਿਲੇਗੀ। ਸਮਝੌਤੇ ਦੀ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਅੰਤਰਰਾਸ਼ਟਰੀ ਤੇਲ ਬਾਜ਼ਾਰਾਂ ਵਿੱਚ ਵੀ ਸਕਾਰਾਤਮਕ ਪ੍ਰਭਾਵ ਦੇਖਣ ਨੂੰ ਮਿਲਿਆ ਹੈ। ਈਰਾਨ ਦੇ ਉਪ ਵਿਦੇਸ਼ ਮੰਤਰੀ Kazem Gharibabadi ਨੇ ਵੀ ਸਮਝੌਤੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਾਲੇ ਜੰਗ ਖਤਮ ਕਰਨ ਲਈ ਇੱਕ ਸਾਂਝਾ ਢਾਂਚਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੰਤਿਮ ਅਤੇ ਵਿਆਪਕ ਸਮਝੌਤੇ ਲਈ 60 ਦਿਨਾਂ ਦੀ ਗੱਲਬਾਤ ਸ਼ੁਰੂ ਕੀਤੀ ਜਾਵੇਗੀ, ਪਰ ਇਹ ਪ੍ਰਕਿਰਿਆ ਤਦ ਹੀ ਅੱਗੇ ਵਧੇਗੀ ਜਦੋਂ ਅਮਰੀਕਾ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰੇਗਾ। ਇਸ ਕੂਟਨੀਤਿਕ ਸਫਲਤਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ Shehbaz Sharif ਨੇ ਕਿਹਾ ਕਿ ਇਹ ਸਮਝੌਤਾ ਕਈ ਹਫ਼ਤਿਆਂ ਤੱਕ ਚੱਲੀਆਂ ਗਹਿਰੀਆਂ ਅਤੇ ਸੰਵੇਦਨਸ਼ੀਲ ਕੂਟਨੀਤਿਕ ਕੋਸ਼ਿਸ਼ਾਂ ਦਾ ਨਤੀਜਾ ਹੈ। ਉਨ੍ਹਾਂ ਦੇ ਅਨੁਸਾਰ ਦੋਵੇਂ ਪੱਖਾਂ ਨੇ ਤੁਰੰਤ ਅਤੇ ਸਥਾਈ ਤੌਰ 'ਤੇ ਸੈਨਿਕ ਕਾਰਵਾਈਆਂ ਰੋਕਣ 'ਤੇ ਸਹਿਮਤੀ ਜਤਾਈ ਹੈ। ਸ਼ਰੀਫ਼ ਨੇ ਦੱਸਿਆ ਕਿ ਇਸ ਇਤਿਹਾਸਕ ਸਮਝੌਤੇ 'ਤੇ ਅਧਿਕਾਰਕ ਦਸਤਖ਼ਤ 19 ਜੂਨ ਨੂੰ ਸਵਿਟਜ਼ਰਲੈਂਡ ਵਿੱਚ ਕੀਤੇ ਜਾਣਗੇ।




# NATIONAL SUPPLIES CORP.

N·S·C "We Serve To Build Better"

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ
ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ
ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।


## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail
- and Granite
- Veneer Wall Stone















Mon to Fri: 7:00 am to 4:30 pm | Sat: 7:00 am to 2:00 pm Sunday: Closed

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
25 VOL XVIII, ISSUE 1939 | MONDAY JUNE 15, 2026
PUNJAB

BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਟੇ ਹੁਟੇ

# AAP Mohali roadshow: ਪੰਜਾਬੀਆਂ ਦੇ ਪਿਆਰ ਦਾ ਕੋਈ ਮੁੱਲ ਨਹੀਂ : CM ਮਾਨ

## ਮੁਹਾਲੀ 'ਚ ਰੋਡ ਸ਼ੋਅ ਕੱਢਿਆ; ਕੇਜਰੀਵਾਲ ਨੇ ਭਗਵੰਤ ਮਾਨ ਨੂੰ ਮੁੜ ਮੁੱਖ ਮੰਤਰੀ ਬਣਾਉਣ ਲਈ ਪਹਿਲਾਂ ਨਾਲੋਂ ਵੱਧ ਬਹੁਮਤ ਮੰਗਿਆ



**ਮੁਹਾਲੀ :ਆਪਣਾ ਪੰਜਾਬ ਮੀਡੀਆ:** ਨਗਰ ਨਿਗਮ ਚੋਣਾਂ ਵਿੱਚ ਜਿੱਤ ਲਈ ਵੋਟਰਾਂ ਦਾ ਧੰਨਵਾਦ ਕਰਨ ਵਾਸਤੇ ਆਮ ਆਦਮੀ ਪਾਰਟੀ ਵੱਲੋਂ ਮੁਹਾਲੀ ਵਿੱਚ ਰੋਡ ਸ਼ੋਅ ਕੱਢਿਆ ਗਿਆ, ਜਿਸ ਦੀ ਅਗਵਾਈ Bhagwant Mann ਅਤੇ Arvind Kejriwal ਨੇ ਕੀਤੀ।

ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀਆਂ ਵੱਲੋਂ ਮਿਲ ਰਿਹਾ ਪਿਆਰ ਕਿਸੇ ਵੀ ਕਰੰਸੀ ਵਿੱਚ ਨਹੀਂ ਤੋਲਿਆ ਜਾ ਸਕਦਾ। ਉਨ੍ਹਾਂ ਕਾਂਗਰਸ ਅਤੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਦੋਵਾਂ ਪਾਰਟੀਆਂ ਨੇ ਪੰਜਾਬ ਨੂੰ ਲੁੱਟਿਆ ਹੈ ਅਤੇ ਲੋਕ ਹੁਣ ਉਨ੍ਹਾਂ ਨੂੰ ਨਕਾਰ ਰਹੇ ਹਨ। ਕੇਜਰੀਵਾਲ ਨੇ ਕਿਹਾ ਕਿ ਸਰਕਾਰ ਦੇ ਕੰਮਾਂ ਕਰਕੇ ਲੋਕਾਂ ਦਾ ਭਰੋਸਾ ਬਣਿਆ ਹੋਇਆ ਹੈ ਅਤੇ 2027 ਵਿੱਚ ਭਗਵੰਤ ਮਾਨ ਨੂੰ ਪਹਿਲਾਂ ਨਾਲੋਂ ਵੱਡੇ ਬਹੁਮਤ ਨਾਲ ਮੁੜ ਮੁੱਖ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ। ਰੋਡਸ਼ੋਅ ਦੌਰਾਨ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ।

# Punjab voter list revision: ਪੰਜਾਬ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਅੱਜ ਤੋਂ

- ਸਿਆਸੀ ਤੌਖਲਿਆਂ ਦਰਮਿਆਨ ਪਹਿਲੀ ਅਕਤੂਬਰ ਤੱਕ ਚੱਲੇਗਾ ਅਮਲ;
- ਬੀ ਐੱਲ ਓ 25 ਜੂਨ ਤੋਂ ਘਰ-ਘਰ ਜਾ ਕੇ ਵੋਟਰਾਂ ਦੀ ਤਸਦੀਕ ਕਰਨਗੇ;
- 2500 ਸੁਪਰਵਾਈਜ਼ਰ ਤਾਇਨਾਤ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਦਾ ਅਮਲ ਭਲਕੇ ਸੋਮਵਾਰ ਤੋਂ ਸ਼ੁਰੂ ਹੋ ਰਿਹਾ ਹੈ। ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਵਿੱਚ ਸਿਆਸੀ ਤੌਖਲਿਆਂ ਦਰਮਿਆਨ ਵਿਸ਼ੇਸ਼ ਸੁਧਾਈ ਦੀ ਮਸ਼ਕ ਪਹਿਲੀ ਅਕਤੂਬਰ ਤੱਕ ਚੱਲੇਗੀ। ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਪਹਿਲੀ ਅਕਤੂਬਰ ਨੂੰ ਹੋਵੇਗੀ। ਵੋਟਰ ਸੂਚੀਆਂ ਦੀ ਮੈਪਿੰਗ ਦਾ ਕੰਮ 86 ਫ਼ੀਸਦੀ ਮੁਕੰਮਲ ਹੋ ਚੁੱਕਾ ਹੈ।ਚੋਣ ਕਮਿਸ਼ਨ ਵੱਲੋਂ ਤੀਜੇ ਪੜਾਅ ਤਹਿਤ ਜਾਰੀ ਪ੍ਰੋਗਰਾਮ ਅਨੁਸਾਰ ਭਲਕੇ 15 ਜੂਨ ਤੋਂ 24 ਜੂਨ ਤੱਕ ਪੰਜਾਬ ਭਰ 'ਚ ਟਰੇਨਿੰਗ, ਤਿਆਰੀ ਅਤੇ ਸੁਧਾਈ ਤੋਂ ਪਹਿਲਾਂ ਵਾਲੇ ਰਸਮੀ ਕੰਮਕਾਰ ਚੱਲਣਗੇ ਅਤੇ 25 ਜੂਨ ਤੋਂ ਬੂਥ ਲੈਵਲ ਅਫਸਰ (ਬੀ ਐੱਲ ਓ'ਜ਼) ਘਰੋ-ਘਰੀ ਜਾ ਕੇ ਵੋਟਰਾਂ ਦੀ ਤਸਦੀਕ ਕਰਨਗੇ। ਜਾਂਚ ਦਾ ਕੰਮ 24 ਜੁਲਾਈ ਨੂੰ ਸਮਾਪਤ ਹੋਵੇਗਾ,31 ਜੁਲਾਈ ਨੂੰ ਡਰਾਫ਼ਟ ਵੋਟਰ ਸੂਚੀ ਜਾਰੀ ਹੋਵੇਗੀ ਅਤੇ 28 ਸਤੰਬਰ ਤੱਕ ਦਾਅਵੇ ਤੇ ਇਤਰਾਜ਼ ਸੁਣ ਕੇ ਨਿਬੇੜਾ ਕੀਤਾ ਜਾਵੇਗਾ। ਪਹਿਲੀ ਅਕਤੂਬਰ ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ। ਕਰੀਬ 22 ਸਾਲ ਮਗਰੋਂ ਵਿਸ਼ੇਸ਼ ਸੁਧਾਈ ਹੋ ਰਹੀ ਹੈ।

# ਪੰਜਾਬ 'ਚ ਮੁੜ ਬਦਲੇਗਾ ਮੌਸਮ ਦਾ ਮਿਜ਼ਾਜ; ਅੱਜ ਤੇਜ਼ ਹਵਾਵਾਂ ਨਾਲ ਬੂੰਦਾਬਾਂਦੀ ਦੇ ਆਸਾਰ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੰਜਾਬ ਵਿੱਚ ਲਗਾਤਾਰ ਪੈ ਰਹੀ ਗਰਮੀ ਦਰਮਿਆਨ ਮੌਸਮ ਇੱਕ ਵਾਰ ਫਿਰ ਕਰਵਟ ਲੈਣ ਜਾ ਰਿਹਾ ਹੈ। ਲਗਾਤਾਰ ਤਿੰਨ ਦਿਨ ਪਏ ਮੀਂਹ ਤੋਂ ਬਾਅਦ ਐਤਵਾਰ ਨੂੰ ਸੂਬੇ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੌਸਮ ਸਾਫ਼ ਰਿਹਾ, ਜਿਸ ਕਾਰਨ ਤਾਪਮਾਨ ਵਿੱਚ ਹਲਕਾ ਵਾਧਾ ਦੇਖਣ ਨੂੰ ਮਿਲਿਆ। ਹਾਲਾਂਕਿ, ਮੌਸਮ ਵਿਭਾਗ ਚੰਡੀਗੜ੍ਹ ਦੀ ਤਾਜ਼ਾ ਪੇਸ਼ੀਨਗੋਈ ਮੁਤਾਬਕ ਸੋਮਵਾਰ ਨੂੰ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਸਵੇਰ ਤੋਂ ਹੀ ਬੱਦਲਵਾਈ ਰਹਿ ਸਕਦੀ ਹੈ ਅਤੇ ਕੁਝ ਇਲਾਕਿਆਂ ਵਿੱਚ ਤੇਜ਼ ਹਵਾਵਾਂ ਨਾਲ ਹਲਕੀ ਬਾਰਿਸ਼ ਜਾਂ ਬੂੰਦਾਬਾਂਦੀ ਹੋਣ ਦੀ ਸੰਭਾਵਨਾ ਹੈ।

# ਬੇਅਦਬੀ ਐਕਟ ਦੇ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਜਥੇਬੰਦੀਆਂ ਨਾਲ ਮੀਟਿੰਗ

## ਰਾਜੋਆਣਾ ਦੀ ਰਿਹਾਈ ਅਤੇ ਮੁੱਖ ਮੰਤਰੀ ਦੀ ਵੀਡੀਓ ਦਾ ਮੁੱਦੇ 'ਤੇ ਵੀ ਚਰਚਾ



**ਅੰਮ੍ਰਿਤਸਰ :ਆਪਣਾ ਪੰਜਾਬ ਮੀਡੀਆ :** ਬੇਅਦਬੀ ਐਕਟ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸੱਦੀ ਗਈ ਸਿੱਖ ਜਥੇਬੰਦੀਆਂ ਦੀ ਮੀਟਿੰਗ ਜਾਰੀ ਹੈ। ਇਸ ਮੀਟਿੰਗ ਵਿੱਚ ਵੱਡੇ ਪੱਧਰ 'ਤੇ ਐਕਟ ਵਿਚਲੀਆਂ ਇਤਰਾਜ਼ਯੋਗ ਮੱਦਾਂ ਬਾਰੇ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਹੈ ਅਤੇ ਇਸ ਨੂੰ ਰੱਦ ਕਰਨ 'ਤੇ ਜ਼ੋਰ ਦਿੱਤਾ ਗਿਆ। ਇਸ ਵਾਸਤੇ ਸੰਘਰਸ਼ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ। ਇਸ ਮੀਟਿੰਗ ਵਿੱਚ ਬਣੀ ਸਹਿਮਤੀ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਅੱਜ ਹੀ ਕੀਤੀ ਜਾ ਸਕਦੀ ਹੈ। ਇਸ ਮੀਟਿੰਗ ਵਿੱਚ ਬੇਅਦਬੀ ਐਕਟ ਤੋਂ ਇਲਾਵਾ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਤਰਾਜ਼ਯੋਗ ਵੀਡੀਓ 'ਤੇ ਵੀ ਚਰਚਾ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸ਼੍ਰੋਮਣੀ ਅਕਾਲੀ ਦਲਾਂ ਦੇ ਨੁਮਾਇੰਦੇ ਵੀ ਹਾਜ਼ਰ ਹਨ।


Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1 516 989 8001 | 1 631 835 8000

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# ਭਾਰਤ ਹੁਣ ਦੁਨੀਆ ਨੂੰ ਹੱਲ ਦੇਣ ਵਾਲਾ ਦੇਸ਼ ਬਣਿਆ: ਮੋਦੀ



**ਨਾਈਸ (ਫਰਾਂਸ):ਆਪਣਾ ਪੰਜਾਬ ਮੀਡੀਆ:** Narendra Modi ਨੇ ਕਿਹਾ ਹੈ ਕਿ ਭਾਰਤ ਹੁਣ ਸਿਰਫ਼ ਤਕਨਾਲੋਜੀ ਅਪਣਾਉਣ ਵਾਲਾ ਦੇਸ਼ ਨਹੀਂ, ਸਗੋਂ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਦੇ ਹੱਲ ਪੇਸ਼ ਕਰਨ ਵਾਲਾ ਮੁਲਕ ਬਣ ਗਿਆ ਹੈ। ਫਰਾਂਸ ਦੇ ਨਾਈਸ ਸ਼ਹਿਰ ਵਿੱਚ 'ਭਾਰਤ ਇਨੋਵੇਟਸ' ਪ੍ਰੋਗਰਾਮ ਦੇ ਉਦਘਾਟਨ ਮੌਕੇ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੇ ਨੌਜਵਾਨ ਅਜਿਹੀਆਂ ਨਵੀਨਤਾਵਾਂ ਅਤੇ ਤਕਨੀਕੀ ਹੱਲ ਤਿਆਰ ਕਰ ਰਹੇ ਹਨ ਜੋ ਪੂਰੀ ਮਨੁੱਖਤਾ ਦੇ ਭਲੇ ਲਈ ਕੰਮ ਆ ਸਕਦੇ ਹਨ। Emmanuel Macron ਦੀ ਮੌਜੂਦਗੀ ਵਿੱਚ ਮੋਦੀ ਨੇ ਦਾਅਵਾ ਕੀਤਾ ਕਿ ਉੱਚ ਤਕਨਾਲੋਜੀ ਅਤੇ ਰੱਖਿਆ ਖੇਤਰ ਵਿੱਚ ਭਾਰਤ ਦੀ ਸੁਧਾਰ ਯਾਤਰਾ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਭਾਰਤ-ਫਰਾਂਸ ਸਬੰਧਾਂ ਨੂੰ ਸਾਂਝੇ ਵਿਜ਼ਨ ਅਤੇ ਆਪਸੀ ਭਰੋਸੇ 'ਤੇ ਆਧਾਰਿਤ ਵਿਸ਼ੇਸ਼ ਭਾਈਵਾਲੀ ਕਰਾਰ ਦਿੱਤਾ। ਇਸ ਮੌਕੇ ਮੈਕਰੌਂ ਨੇ 'ਮੇਕ ਇਨ ਇੰਡੀਆ' ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਫਰਾਂਸ, ਮਸਨੂਈ ਬੌਧਿਕਤਾ (AI), ਜਲਵਾਯੂ ਤਬਦੀਲੀ ਅਤੇ ਪਰਮਾਣੂ ਊਰਜਾ ਵਰਗੇ ਖੇਤਰਾਂ ਵਿੱਚ ਭਾਰਤ ਦਾ ਅਹਿਮ ਸਾਥੀ ਬਣਿਆ ਰਹੇਗਾ। ਉਨ੍ਹਾਂ ਛੋਟੇ ਮਾਡਿਊਲਰ ਰਿਐਕਟਰਾਂ ਸਮੇਤ ਪਰਮਾਣੂ ਊਰਜਾ ਖੇਤਰ ਵਿੱਚ ਸਹਿਯੋਗ ਹੋਰ ਮਜ਼ਬੂਤ ਕਰਨ ਦੀ ਇੱਛਾ ਵੀ ਜਤਾਈ।

# ਚੀਨ ਦੀ ਵਧਦੀ ਫ਼ੌਜੀ ਤਾਕਤ ਤੋਂ ਆਸਟਰੇਲੀਆ ਚਿੰਤਤ; ਸੁਰੱਖਿਆ ਰਿਪੋਰਟ ਨੇ ਛੇੜੀ ਨਵੀਂ ਚਰਚਾ

## ਚੀਨ ਨਾਲ 300 ਅਰਬ ਡਾਲਰ ਦਾ ਕਾਰੋਬਾਰ



**ਸਿਡਨੀ :ਆਪਣਾ ਪੰਜਾਬ ਮੀਡੀਆ:**ਆਸਟਰੇਲੀਆ ਦੀ ਸੁਰੱਖਿਆ ਬਾਰੇ ਆਈ ਇੱਕ ਨਵੀਂ ਰਿਪੋਰਟ ਨੇ ਚਰਚਾ ਛੇੜ ਦਿੱਤੀ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਚੀਨ ਦੀ ਫੌਜੀ ਤਾਕਤ ਇੰਨੀ ਤੇਜ਼ੀ ਨਾਲ ਵਧ ਰਹੀ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਉਹ ਆਸਟਰੇਲੀਆ ਦੇ ਮਹੱਤਵਪੂਰਨ ਫੌਜੀ ਅਤੇ ਬੁਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਸਮਰੱਥਾ ਹਾਸਲ ਕਰ ਸਕਦਾ ਹੈ। ਰਿਪੋਰਟ ਵਿੱਚ ਚੀਨ ਦੀਆਂ ਲੰਬੀ ਦੂਰੀ ਦੀਆਂ ਮਿਸਾਈਲਾਂ, ਜੰਗੀ ਜਹਾਜ਼ਾਂ ਅਤੇ ਸਮੁੰਦਰੀ ਬੇੜੇ ਦੇ ਤੇਜ਼ੀ ਨਾਲ ਹੋ ਰਹੇ ਵਿਸਥਾਰ ਦਾ ਜ਼ਿਕਰ ਕੀਤਾ ਗਿਆ ਹੈ। ਹਾਲਾਂਕਿ, ਦਿਲਚਸਪ ਗੱਲ ਇਹ ਹੈ ਕਿ ਸੁਰੱਖਿਆ ਚਿੰਤਾਵਾਂ ਦੇ ਬਾਵਜੂਦ ਚੀਨ ਅੱਜ ਵੀ ਆਸਟਰੇਲੀਆ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਦੋਵਾਂ ਦੇਸ਼ਾਂ ਵਿਚਕਾਰ ਸਾਲਾਨਾ ਵਪਾਰ 300 ਅਰਬ ਆਸਟਰੇਲੀਆਈ ਡਾਲਰ ਤੋਂ ਵੱਧ ਹੈ।

# ਰੂਸ ਦੀ 'ਸ਼ੈਡੋ ਫਲੀਟ' ਨੂੰ ਝਟਕਾ, ਬਰਤਾਨੀਆ ਨੇ ਤੇਲ ਟੈਂਕਰ ਕੀਤਾ ਜ਼ਬਤ





**ਲੰਡਨ :ਆਪਣਾ ਪੰਜਾਬ ਮੀਡੀਆ:**ਆਪਣਾ ਪੰਜਾਬ ਮੀਡੀਆ:ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਕਿਹਾ ਕਿ ਬਰਤਾਨੀਆ ਉਸ ਪਾਬੰਦੀਸ਼ੁਦਾ ਤੇਲ ਟੈਂਕਰ ਦੀ ਜਾਂਚ ਕਰ ਰਿਹਾ ਹੈ, ਜਿਸ ਬਾਰੇ ਸ਼ੱਕ ਹੈ ਕਿ ਉਹ ਰੂਸ ਦੇ ਕਥਿਤ ਗੁਪਤ ਬੇੜੇ ਦਾ ਹਿੱਸਾ ਹੈ ਅਤੇ ਯੂਕਰੇਨ ਯੁੱਧ ਕਾਰਨ ਮਾਸਕੋ 'ਤੇ ਲਾਈਆਂ ਕੌਮਾਂਤਰੀ ਪਾਬੰਦੀਆਂ ਦੀ ਉਲੰਘਣਾ ਕਰ ਕੇ ਤੇਲ ਦੀ ਢੋਆ-ਢੁਆਈ ਕਰ ਰਿਹਾ ਸੀ।

ਬਰਤਾਨੀਆ ਦੇ ਹਥਿਆਰਬੰਦ ਬਲਾਂ ਨੇ ਅੱਜ ਬਰਤਾਨਵੀ ਖੇਤਰ ਵਿੱਚ 'ਸਮਿਰਤੋਸ' ਨਾਮਕ ਜਹਾਜ਼ 'ਤੇ ਚੜ੍ਹਾਈ ਕਰ ਕੇ ਉਸ ਨੂੰ ਕਬਜ਼ੇ ਵਿੱਚ ਲੈ ਲਿਆ।

ਬਰਤਾਨੀਆ ਦੇ ਰੱਖਿਆ ਮੰਤਰਾਲੇ ਨੇ ਇਸ ਨੂੰ ਬਰਤਾਨੀਆ ਦੀ ਅਗਵਾਈ ਵਿੱਚ ਪਹਿਲੀ ਮੁਹਿੰਮ ਕਰਾਰ ਦਿੱਤਾ। ਰੱਖਿਆ ਮੰਤਰਾਲੇ ਦੇ ਬਿਆਨ ਅਨੁਸਾਰ, ਜਾਂਚ ਪੂਰੀ ਹੋਣ ਤੱਕ ਇਸ ਜਹਾਜ਼ ਨੂੰ ਇੰਗਲੈਂਡ ਦੇ ਦੱਖਣੀ ਤੱਟ ਨੇੜੇ ਰੋਕਿਆ ਜਾਵੇਗਾ ਅਤੇ ਉਸ 'ਤੇ ਨਿਗਰਾਨੀ ਰੱਖੀ ਜਾਵੇਗੀ। ਇਹ ਮੁਹਿੰਮ ਫਰਾਂਸੀਸੀ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਚਲਾਈ ਗਈ ਸੀ। ਫਰਾਂਸ ਪਹਿਲਾਂ ਵੀ ਰੂਸ ਦੇ ਗੁਪਤ ਬੇੜੇ ਨਾਲ ਜੁੜੇ ਕਈ ਜਹਾਜ਼ਾਂ ਨੂੰ ਰੋਕ ਚੁੱਕਾ ਹੈ।











Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com







Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1939 | MONDAY JUNE 15, 2026

# NEW YORK





Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# CLASSIFIED ADS

## APARTMENT FOR SALE/RENT

CONDOMINIUM FOR RENT Anand Vihar, Tampa Florida Three Bedroom fully furnished condominium on Ground floor, Club House with swimming pool, gym, Lunch/Dinner Meal plans. Available May 1, 2023. Dinesh (716) 830 7260

FAMILY DENTAL

Parul Dua Makkar, DDS
Dr. Parul Dua Makkar brings over 20 years of experience.
Award winning Dentist providing comprehensive dental care for children and adults
295 North Broadway, Jericho N.Y. 11753
Tel. 516-388-5002
www.pdmfamilydental.com
info@pdmfamilydental.com


## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

## NAME CHANGE

I hereby, Sarbjot singh s/o Jagmohan Singh Permanent residence at H. No 87 Krishna colony, Yamuna Nagar 135001, HR now residing at 13906 Ash stone ct, Fishers, IN 46040, hereby change my name from Saravjot Singh to Sarbjot singh.

Investment Consultants United States & Punjab
APNA PUNJAB ESTATES
ਜੇਕਰ ਤੁਸੀਂ ਨਿਊਯਾਰਕ ਵਿੱਚ ਆਪਣਾ ਘਰ ਖ਼ਰੀਦਣ ਦਾ ਸੁਪਨਾ ਕਰਨਾ ਚਾਹੁੰਦਾ ਹੋ ਪੂਰਾ ਤਾਂ ਫੋਨ ਮਿਲਾਉ।
1 (929) 338 8833

NOW HIRING BUS AND VAN DRIVERS

DON'T MISS The Bus!
LOOK NEW PAY RATES FOR SEPTEMBER
NEW
Big Bus $31.68/hr. Non-Benefit Rate
Van $28.91/hr. Non-Benefit Rate
We Guarantee 30 Hours A Week
Sign On Bonus $5,000.00 for CDL driver bus and van $500.00 for non CDL drivers. *Some restrictions may apply. Will train qualified applicants
EDUCATIONAL BUS TRANSPORTATION
516.454.2300 Call Today!
Positions available in Nassau and Suffolk Counties
Apply At: www.educationalbusjobs.com/ EOE

Be prepared before the next power outage.
It's not just a generator. It's a power move.*
Receive a free 5-year warranty with qualifying purchase* - valued at $535.
Call 516-973-5901 to schedule your free quote!
*Terms and Conditions apply.
GENERAC


Carpentry & Painting Specialist
Residential and Commercial - All Phases
"Anthony & J Home Improvement, Inc."
Also specializes in ☆ Kitchens ☆ Bathrooms ☆ Finished Basements ☆ Flooring ☆ Repairs ☆ Woodwork/mouldings ☆ Siding ☆ Gutters
516-678-6641 - Licensed & Insured
FREE ESTIMATES...call Anthony Romeo 1323594

HANDYMAN
Roofing shingle flat • Experts in leaks • Bathroom kitchens Flooring • Masonry stoop repair or replace stucco Waterproofing basement • Mold mildew removal Painting inter/ exter • Sheetrocking • Rotten wood Power washing
CJM CONTRACTING • CHRIS 516-428-5777
LICENSED & INSURED 1321908

## HOUSEHOLD HELP WANTED

NEW JERSEY Gujarati Doctor couple Need Live in household help for cooking and light household work in Watching, NJ Call: 908-279-4525

## BUSINESS FOR SALE

WALLINGTON, NJ Convenience store for sale at 168 Main Ave, Wallington, NJ 07057. Asking price $300,000. Lottery Commision $90,000. Contact: 973-510-6701, Email: namratabharat.patel@gmail.com

सरकार द्वारा मान्यता प्राप्त
मियां गुरु नबीर जी
101% गारंटीड समाधान घर बैठे पाएं
Love Marriage 99152-88192
पति-पत्नी में झगड़ा, आम दुश्मन से पीछा, विदेश में P.R में रुकावट, विदेश यात्रा, तलाक का मामला
घरेलू झगड़ा
लॉटरी नंबर
प्यार में धोखा खा चुके प्रेमी प्रेमिका एक बार काल करो
+91- 99154-88196

WORLDWIDE COURIER SERVICES
INDO US EXPRESS, INC.
Worldwide Couriers/Freight Forwarders/Domestic Rush' Delivery/Import/Export/Custom/Clearence / Trading Consultant
Office 212 447 5720 Fax 516 932 3750
Delhi - +91 98 1849 0552 | Mumbai - +91 922 453 1807 | New York - +1 347 538 7041
Gurwinder Singh
www.iueinc.com | Email: indousexpress@gmail.com | 224 West 30th St. #1004, New York, NY 10001

URGENTLY REQUIRED
ELECTRONIC ENGINEERS (Diploma / ITI)
ELECTRICIAN (Diploma / ITI)
TECHNICIAN (Diploma / ITI)
WIREMAN (12th Pass)
HELPER (10th Pass)
• For installation of CCTV & Security System
• Own Conveyance Must • Good Salary
VIDEO VISION SERVICES
Plot No. 155-B, Sec. 82, Mohali. (M) 98142-60807

APPLICATIONS ARE INVITED FOR DIRECT ADMISSION SESSION 2025-26
CERTIFICATE COURSE (COTA)
ELIGIBILITY 10TH PASS
DATE OF COUNSELING 30/11/2025 (SUNDAY)
Admissions will be made as per Punjab Govt./BFUHS norms.
AMAR PROFESSIONAL COLLEGE OF NURSING
Near Intenational Mohali Airport. Opp. Aerocity, G-block, Village Dyalpura, Distt. Mohali. (PB) PH: 9814005365, 8558939254


Copyright: Apna Punjab Media 2025-26
Graphic & Design: Apna Punjab Media Team